## ਸੂਚਨਾ

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

www.facebook.com/Azadsoch | www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website : www.azadsoch.in
Mail Us at : azadsoach92@gmail.com (ਕੇਵਲ ਖ਼ਬਰਾਂ ਲਈ)
azadsochadvt@gmail.com (ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 33 | ਅੰਕ (Vol. ) 295 | ਮੁੱਲ (Rate ) 2.00 ਰੁਪਏ | Wednesday 30 October, 2024 | ਬੁੱਧਵਾਰ 30 ਅਕਤੂਬਰ , 2024

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋਂ ਮਾਜਰਾ ਰੋਡ ਪਟਿਆਲਾ


### ਡਰਾਈਵਰਾਂ ਅਤੇ ਕੰਡਕਟਰਾਂ ਨੂੰ ਛੇਤੀ ਮਿਲੇਗੀ ਖ਼ੁਸ਼ਖਬਰੀ

## ਟਰਾਂਸਪੋਰਟ ਮੰਤਰੀ ਵੱਲੋਂ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਤਿਆਰ ਕਰਕੇ ਕੈਬਨਿਟ ਪ੍ਰਵਾਨਗੀ ਲਈ ਭੇਜਣ ਦੀ ਹਦਾਇਤ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 29 ਅਕਤੂਬਰ**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਛੇਤੀ ਹੀ ਸਰਕਾਰੀ ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਖ਼ੁਸ਼ਖਬਰੀ ਦੇਣ ਦੀ ਤਿਆਰੀ ਅਰੰਭ ਦਿੱਤੀ ਗਈ ਹੈ।

ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸਰਕਾਰੀ ਬੱਸਾਂ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰੈਗੂਲਰ ਕਰਨ ਸਬੰਧੀ ਕੇਸ ਛੇਤੀ ਤੋਂ ਛੇਤੀ ਤਿਆਰ ਕਰਨ ਤਾਂ ਜੋ ਕੇਸ ਕੈਬਨਿਟ ਦੀ ਪ੍ਰਵਾਨਗੀ ਲਈ ਭੇਜਿਆ ਜਾ ਸਕੇ।

ਇਥੇ ਆਪਣੀ ਸਰਕਾਰੀ ਰਿਹਾਇਸ਼ ਵਿਖੇ ਪੰਜਾਬ ਰੋਡਵੇਜ਼/ਪਨਬੱਸ ਤੇ ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਅਤੇ ਪੰਜਾਬ ਰੋਡਵੇਜ਼ (ਪਨਬੱਸ) ਸਟੇਟ ਟਰਾਂਸਪੋਰਟ ਵਰਕਰ ਯੂਨੀਅਨ ਦੇ ਨੁਮਾਇੰਦਿਆਂ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਦੌਰਾਨ ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਮੁਲਾਜ਼ਮਾਂ ਨੂੰ ਆਊਟਸੋਰਸ ਤੋਂ ਕੰਟਰੈਕਟ 'ਤੇ ਕਰਨ ਲਈ ਨੀਤੀ ਦਾ ਖਰੜਾ ਤਿਆਰ ਕੀਤਾ ਜਾਵੇ ਅਤੇ ਕੰਟਰੈਕਟ ਵਾਲੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਲਈ ਵਿਸ਼ੇਸ਼ ਕੇਸ ਬਣਾਇਆ ਜਾਵੇ।



ਮੀਟਿੰਗ ਦੌਰਾਨ ਸ. ਲਾਲਜੀਤ ਸਿੰਘ ਭੁੱਲਰ ਨੇ ਵਿਭਾਗੀ ਮਾਮਲਿਆਂ ਦਾ ਸਾਹਮਣਾ ਕਰ ਰਹੇ ਡਰਾਈਵਰਾਂ ਅਤੇ ਕੰਡਕਟਰਾਂ ਦੇ ਕੇਸ ਹਮਦਰਦੀ ਨਾਲ ਵਿਚਾਰਨ ਦੇ ਆਦੇਸ਼ ਵੀ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਅਜਿਹੇ ਕੇਸਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾਵੇ।

ਇਸੇ ਤਰ੍ਹਾਂ ਨਵੇਂ ਡਰਾਈਵਰਾਂ/ਕੰਡਕਟਰਾਂ ਨੂੰ 5 ਫ਼ੀਸਦੀ ਸਾਲਾਨਾ ਤਨਖਾਹ ਵਾਧਾ ਦੇਣ ਸਬੰਧੀ ਮੰਗ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸ ਮਾਮਲੇ ਸਬੰਧੀ ਤੁਰੰਤ ਐਸ.ਓ.ਪੀ ਬਣਾਈ ਜਾਵੇ ਤਾਂ ਜੋ ਮੁਲਾਜ਼ਮਾਂ ਨੂੰ ਫੌਰੀ ਰਾਹਤ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਮੁਲਾਜ਼ਮਾਂ ਦੀਆਂ ਸਾਰੀਆਂ ਜਾਇਜ਼ਾ ਮੰਗਾਂ ਦੇ ਹੱਲ ਲਈ ਵਚਨਬੱਧ ਹੈ ਅਤੇ ਇਸੇ ਲਈ ਮੁੱਖ ਮੰਤਰੀ ਵੱਲੋਂ ਪੰਜਾਬ ਰੋਡਵੇਜ਼/ਪਨਬੱਸ ਤੇ ਪੀ.ਆਰ.ਟੀ.ਸੀ. ਵਿੱਚ ਠੇਕਾ ਆਧਾਰਤ ਡਰਾਈਵਰਾਂ ਤੇ ਕੰਡਕਟਰਾਂ ਦੇ ਮਸਲਿਆਂ ਦੇ ਹੱਲ ਲਈ ਵਿਸ਼ੇਸ਼ ਵਿਭਾਗੀ ਕਮੇਟੀ ਗਠਤ ਕੀਤੀ ਗਈ ਹੈ।

ਸ. ਲਾਲਜੀਤ ਸਿੰਘ ਭੁੱਲਰ ਨੇ ਇੱਕ ਹੋਰ ਅਹਿਮ ਫ਼ੈਸਲਾ ਲੈਂਦਿਆਂ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਦਿੱਤੇ ਜਾਂਦੇ ਰਾਤ ਦੇ ਭੱਤੇ ਵਿੱਚ ਵੀ ਵਾਧਾ ਕੀਤਾ। ਉਨ੍ਹਾਂ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਜਾਣੂ ਕਰਵਾਇਆ ਕਿ ਸੂਬੇ ਵਿਚ ਰਾਤ ਦੇ ਠਹਿਰਾਅ ਲਈ ਹੁਣ 50 ਦੀ ਥਾਂ 85 ਰੁਪਏ ਮਿਲਣਗੇ ਅਤੇ ਦੂਜੇ ਸੂਬਿਆਂ ਨੂੰ ਚਲਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਰਾਤ ਦੇ ਠਹਿਰਾਅ ਲਈ ਭੱਤਾ ਵਧਾ ਕੇ 60 ਤੋਂ 120 ਰੁਪਏ ਕਰ ਦਿੱਤਾ ਗਿਆ ਹੈ।

ਮੀਟਿੰਗ ਦੌਰਾਨ ਵਧੀਕ ਮੁੱਖ ਸਕੱਤਰ ਟਰਾਂਸਪੋਰਟ ਸ੍ਰੀ ਡੀ.ਕੇ. ਤਿਵਾੜੀ, ਐਮ.ਡੀ. ਪਨਬੱਸ ਸ੍ਰੀ ਰਾਜੀਵ ਕੁਮਾਰ ਗੁਪਤਾ, ਐਮ.ਡੀ ਪੀ.ਆਰ.ਟੀ.ਸੀ. ਸ. ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਏ.ਡੀ.ਓ ਪਨਬੱਸ ਸ੍ਰੀ ਰਾਜੀਵ ਦੱਤਾ, ਜੀ.ਐਮ. ਪੀ.ਆਰ.ਟੀ.ਸੀ. ਸ. ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਜੂਦ ਸਨ।

## ਸੌ ਤੋਂ ਵੱਧ ਉਡਾਣਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ

ਨਵੀਂ ਦਿੱਲੀ/ਮੁੰਬਈ, 29 ਅਕਤੂਬਰ (ਪ.ਪ.):ਇੱਥੋਂ ਦੀਆਂ ਸੌ ਤੋਂ ਵੱਧ ਘਰੇਲੂ ਤੇ ਕੌਮਾਂਤਰੀ ਹਵਾਈ ਉਡਾਣਾਂ ਨੂੰ ਅੱਜ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲੀਆਂ ਹਨ। ਇਹ ਧਮਕੀਆਂ ਮਿਲਣ ਮਗਰੋਂ ਦੇਸ਼ ਭਰ ਦੇ ਹਵਾਈ ਅੱਡਿਆਂ ਤੇ ਹਵਾਈ ਉਡਾਣਾਂ ਦੀ ਜਾਂਚ ਕੀਤੀ ਗਈ ਤੇ ਯਾਤਰੀਆਂ ਦੀ ਸੁਰੱਖਿਆ ਦੇ ਬਣਦੇ ਇੰਤਜ਼ਾਮ ਕੀਤੇ ਗਏ। ਜ਼ਿਕਰਯੋਗ ਹੈ ਕਿ ਪਿਛਲੇ 16 ਦਿਨਾਂ ਵਿੱਚ 510 ਤੋਂ ਵੱਧ ਘਰੇਲੂ ਅਤੇ ਕੌਮਾਂਤਰੀ ਉਡਾਣਾਂ ਨੂੰ ਧਮਕੀਆਂ ਮਿਲੀਆਂ ਹਨ ਜੋ ਬਾਅਦ ਵਿੱਚ ਝੂਠੀਆਂ ਸਾਬਤ ਹੋਈਆਂ ਹਨ।

ਇਹ ਧਮਕੀਆਂ ਜ਼ਿਆਦਾਤਰ ਸੋਸ਼ਲ ਮੀਡੀਆ ਰਾਹੀਂ ਦਿੱਤੀਆਂ ਗਈਆਂ ਸਨ। ਜਾਣਕਾਰੀ ਅਨੁਸਾਰ ਅੱਜ ਏਅਰ ਇੰਡੀਆ ਦੀਆਂ ਲਗਪਗ 36, ਇੰਡੀਗੋ ਦੀਆਂ 35 ਤੇ ਵਿਸਤਾਰਾ ਦੀਆਂ 32 ਉਡਾਣਾਂ ਨੂੰ ਧਮਕੀਆਂ ਮਿਲੀਆਂ ਹਨ।

## ਵਿਸ਼ਵ ਸਟਰੋਕ ਦਿਵਸ: ਸਟਰੋਕ ਦੇ ਮਰੀਜ਼ਾਂ ਨੂੰ ਮੁਫ਼ਤ ਮਕੈਨੀਕਲ ਥਰੋਮਬੈਕਟੋਮੀ ਪ੍ਰਦਾਨ ਕਰਨ ਵਾਲਾ ਪਹਿਲਾ ਸੂਬਾ ਬਣਿਆ ਪੰਜਾਬ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 29 ਅਕਤੂਬਰ**

ਵਿਸ਼ਵ ਸਟਰੋਕ ਦਿਵਸ ਮੌਕੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪੰਜਾਬ ਸਰਕਾਰ, ਕ੍ਰਿਸ਼ਚੀਅਨ ਮੈਡੀਕਲ ਕਾਲਜ (ਸੀ.ਐਮ.ਸੀ.) ਲੁਧਿਆਣਾ ਅਤੇ ਇੰਡੀਆ ਮੈਡਟਰੋਨਿਕ ਪ੍ਰਾਈਵੇਟ ਲਿਮਟਿਡ ਦਰਮਿਆਨ ਸਾਂਝੇਦਾਰੀ ਦਾ ਐਲਾਨ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚ ਆਪਣੀ ਕਿਸਮ ਦੀ ਇਸ ਨਿਵੇਕਲੀ ਪਹਿਲਕਦਮੀ ਦਾ ਉਦੇਸ਼ ਜਨਤਕ-ਨਿੱਜੀ ਭਾਈਵਾਲੀ ਤਹਿਤ ਸਟ ?ਰੋਕ ਦੇ ਮਰੀਜ਼ਾਂ ਲਈ ਬਿਹਤਰੀਨ ਇਲਾਜ ਸੇਵਾਵਾਂ ਮੁਹੱਈਆ ਕਰਵਾ ਕੇ ਸੂਬੇ ਵਿੱਚ ਸਟਰੋਕ ਦੇ ਵੱਧ ਰਹੇ ਮਾਮਲਿਆਂ ਨਾਲ ਨਜਿੱਠਣਾ ਹੈ।

ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਭਾਈਵਾਲੀ ਸੂਬੇ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਮਿਆਰੀ ਸਿਹਤ ਸੇਵਾਵਾਂ ਤੱਕ ਪੰਜਾਬ ਦੇ ਲੋਕਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ, ਸੀਐਮਸੀ ਲੁਧਿਆਣਾ, ਅਤੇ ਮੈਡਟ ?ਰੋਨਿਕ ਦਰਮਿਆਨ ਇਹ ਸਾਂਝੇਦਾਰੀ ਹੈਲਥਕੇਅਰ ਇਨੋਵੇਸ਼ਨ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਕ੍ਰਿਟੀਕਲ ਕੇਅਰ ਤੱਕ ਬਿਹਤਰ ਪਹੁੰਚ ਨੂੰ ਯਕੀਨੀ ਬਣਾਉਣ 'ਤੇ ਕੇਂਦਰਿਤ ਇਸ ਪਹਿਲਕਦਮੀ ਦਾ ਉਦੇਸ਼ ਸਟ ?ਰੋਕ ਨਾਲ ਸਬੰਧਤ ਮੌਤਾਂ ਅਤੇ ਅਪੰਗਤਾਵਾਂ ਦੇ ਮਾਮਲਿਆਂ ਨੂੰ ਘਟਾਉਂਦਿਆਂ ਦੇਸ਼ ਵਿੱਚ ਸਟ ?ਰੋਕ ਪ੍ਰਬੰਧਨ ਲਈ ਇੱਕ ਨਵਾਂ ਮਾਪਦੰਡ ਸਥਾਪਤ ਕਰਨਾ ਹੈ।



ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਇਸ ਭਾਈਵਾਲੀ ਨੇ ਸਟਰੋਕ ਕੇਅਰ ਲਈ ਇੱਕ ਹੱਬ ਅਤੇ ਸਪੋਕ ਮਾਡਲ ਪੇਸ਼ ਕੀਤਾ ਹੈ, ਜਿਸਦਾ ਉਦੇਸ਼ ਫੌਰੀ ਢੰਗ ਅਤੇ ਆਪਸੀ ਤਾਲਮੇਲ ਨਾਲ ਬਿਹਤਰੀਨ ਸਿਹਤ ਸੇਵਾਵਾਂ ਪ੍ਰਦਾਨ ਕਰਕੇ ਮਰੀਜ਼ਾਂ ਦੇ ਮਿਆਰੀ ਇਲਾਜ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਦੱਸਿਆ ਕਿ ਸੀ.ਐਮ.ਸੀ. ਲੁਧਿਆਣਾ ਇੱਕ ਪ੍ਰਮੁੱਖ ਮੈਡੀਕਲ ਸੰਸਥਾ ਅਤੇ ਵਿਸ਼ਵ ਸ ਟ ਰ ੋ ਕ ਆਰਗੇਨਾਈਜ਼ੇਸ਼ਨ ਅਤੇ ਐਨ.ਏ.ਬੀ.ਐਚ. ਦੁਆਰਾ ਪ੍ਰਮਾਣਿਤ ਭਾਰਤ ਦਾ ਪਹਿਲਾ ਐਡਵਾਂਸਡ ਸਟ ?ਰੋਕ ਸੈਂਟਰ ਹੈ, ਜੋ ਐਡਵਾਂਸਡ ਸਟ ?ਰੋਕ ਟ ?ਰੀਟਮੈਂਟ ਲਈ ਸਟ ?ਰੋਕ ਦੇ ਸੈਂਟਰਲ ÷ਹੱਬ÷ ਵਜੋਂ ਕੰਮ ਕਰੇਗਾ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਭਰ ਦੇ ਸਰਕਾਰੀ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਦਾ ਇੱਕ ਨੈਟਵਰਕ ÷ਸਪੋਕ÷ ਸੈਂਟਰਾਂ ਵਜੋਂ ਕੰਮ ਕਰੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੈਂਟਰਾਂ ਨੂੰ ਸਟ ?ਰੋਕ ਦੇ ਮਰੀਜ਼ਾਂ ਨੂੰ ਮਕੈਨੀਕਲ ਥ ?ਰੋਮਬੈਕਟੋਮੀ ਸਮੇਤ ਐਡਵਾਂਸਡ ਇਲਾਜ ਸੁਵਿਧਾਵਾਂ ਵਾਸਤੇ ਹੱਬ ਲਈ ਰੈਫਰ ਕਰਨ ਤੋਂ ਪਹਿਲਾਂ ਮਰੀਜ਼ਾਂ ਨੂੰ ਤੁਰੰਤ ਦੇਖਭਾਲ ਅਤੇ ਹੋਰ ਮੁੱਢਲੀਆਂ ਸੇਵਾਵਾਂ ਪ੍ਰਦਾਨ ਕਰਨ ਦਾ ਜ਼ਿੰਮਾ ਸੌਂਪਿਆ ਗਿਆ ਹੈ।

ਇਸ ਮੌਕੇ ਬੋਲਦਿਆਂ ਡਾ. ਬਲਬੀਰ ਸਿੰਘ ਨੇ ਸੂਬੇ ਵਿੱਚ ਸਟ ?ਰੋਕ ਦੇ ਵਧ ਰਹੇ ਮਾਮਲਿਆਂ ਨਾਲ ਨਜਿੱਠਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਟਰੋਕ ਇੱਕ ਚਿੰਤਾ ਦਾ ਵਿਸ਼ਾ ਬਣ ਗਿਆ ਹੈ ਅਤੇ ਸਾਨੂੰ ਇਸ ਨਾਲ ਨਜਿੱਠਣ ਲਈ ਇੱਕ ਨਵੀਨ ਪਹੁੰਚ ਅਪਣਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਭਾਈਵਾਲੀ ਸੂਬੇ ਵਿੱਚ ਸਟ ?ਰੋਕ ਕੇਅਰ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲਕਦਮੀ ਬਹੁਤ ਸਾਰੇ ਪਰਿਵਾਰਾਂ ਨੂੰ ਸਟ ?ਰੋਕ ਦੇ ਇਲਾਜ 'ਤੇ ਆਉਣ ਵਾਲੇ ਖਰਚਿਆਂ ਤੋਂ ਰਾਹਤ ਦੇਵੇਗੀ ਕਿਉਂਕਿ ਇਸ ਪਹਿਲਕਦਮੀ ਤਹਿਤ ਸਟ ?ਰੋਕ ਦੇ ਮਰੀਜ਼ਾਂ ਨੂੰ ਲਗਭਗ 6 ਲੱਖ ਰੁਪਏ ਦਾ ਇਲਾਜ ਅਤੇ ਦੇਖਭਾਲ ਸੇਵਾਵਾਂ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ।













# ਜਸਬੀਰ ਸਿੰਘ ਉਬਰਾਏ ਨੇ ਰਜਿੰਦਰ ਸਿੰਘ ਨਾਲ ਕੀਤੀ ਮੁਲਾਕਾਤ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 29 ਅਕਤੂਬਰ**

ਸਰਵੇ ਆਫ਼ ਇੰਡੀਆ ਦੇਹਰਾਦੂਨ ਉਤਰਾਖੰਡ ਤੇ ਰਿਟਾਇਰਡ ਸੀਨੀਅਰ ਅਫਸਰ ਸ. ਜਸਬੀਰ ਸਿੰਘ ਉਬਰਾਏ ਨੇ ਅੱਜ ਦਿੱਲੀ ਵਿੱਖੇ ਵਿਰਾਸਤ ਸਿੱਖਇਜ਼ਮ ਟਰੱਸਟ ਦੇ ਚੇਅਰਮੈਨ ਸ. ਰਜਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਮੁਲਾਕਾਤ ਦੌਰਾਨ ਸ. ਜਸਬੀਰ ਸਿੰਘ ਉਬਰਾਏ ਨੇ ਟਰੱਸਟ ਦੀ ਨਿਸ਼ਕਾਮ ਸੇਵਾ ਭਾਵਨਾ ਦੀ ਸ਼ਲਾਘਾ ਕਰਦਿਆਂ ਕੌਮ ਦੀ ਚੜ੍ਹਦੀਕਲਾ ਦੇ ਕਾਰਜਾਂ ਵਿਚ ਟਰੱਸਟ ਨਾਲ ਸਹਿਯੋਗ ਕਰਨ ਲਈ ਇੱਛਾ ਦਾ ਪ੍ਰਗਟਾਵਾ ਕੀਤਾ।ਟਰੱਸਟ ਦੇ ਚੇਅਰਮੈਨ ਸ. ਰਜਿੰਦਰ ਸਿੰਘ ਨੇ ਉਨਾਂ ਨੂੰ ਉਤਰਾਖੰਡ ਖਿੱਤੇ (ਚੈਪਟਰ) ਦਾ ਤਿੰਨ ਸਾਲ ਲਈ ਮੁੱਖੀ ਬਣਾਉਣ ਲਈ ਪੇਸ਼ਕਸ਼ ਕੀਤੀ, ਜਿਸ ਨੂੰ ਉਨਾਂ ਨੇ ਸਵੀਕਾਰ ਕਰ ਲਿਆ ਹੈ। ਸ. ਰਜਿੰਦਰ ਸਿੰਘ ਨੇ ਦੱਸਿਆ ਕਿ ਸ. ਜਸਬੀਰ ਸਿੰਘ ਉਬਰਾਏ ਦੇ ਸਰਵੇ ਆਫ ਇੰਡੀਆ ਦੇ ਤਜਰਬੇ ਨੂੰ ਵੇਖਦਿਆਂ ਹੋਇਆਂ ਉਨਾਂ ਨੂੰ ਟਰੱਸਟ ਦੀ ਗੁਰ ਨਾਨਕ ਸਾਹਿਬ ਜੀ ਦੀ ਉਦਾਸੀਆਂ ਉੱਤੇ ਕੰਮ ਕਰਨ ਵਾਲੀ ਟੀਮ ਨਾਲ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਸੇਵਾਵਾਂ ਦੇਣਗੇ। ਸ. ਜਸਬੀਰ ਸਿੰਘ ਨੇ ਟਰੱਸਟ ਦੀ ਸਮੂਚੀ ਟੀਮ ਅਤੇ ਸ. ਰਜਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਜਲਦ ਹੀ ਦੇਹਰਾਦੂਨ ਉਤਰਾਖੰਡ ਵਿਚ ਬੱਚਿਆਂ ਲਈ ਇਕ ਪ੍ਰੋਗਰਾਮ ਉਲੀਕਣ ਦਾ ਅਸ਼ਵਾਸਣ ਦਿਤਾ।



# ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਦੇ ਫ਼ੈਸਲੇ ਦਾ ਦਿੱਲੀ ਗੁਰਦੁਆਰਾ ਕਮੇਟੀ ਪ੍ਰਬੰਧਕਾਂ ਨੇ ਕੀਤਾ ਸੁਆਗਤ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 29 ਅਕਤੂਬਰ**

ਬੰਦੀ ਛੋੜ ਦਿਵਸ ਤੇ ਦਿਵਾਲੀ 1 ਨਵੰਬਰ ਨੂੰ ਆਉਣ ਦੇ ਕਾਰਨ, ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਗੁਰਦੁਆਰਾ ਸਾਹਿਬਾਨਾਂ ਅਤੇ ਸੰਗਤਾਂ ਨੂੰ ਘਰਾਂ ਵਿੱਚ ਬਿਜਲੀ ਦੀਆਂ ਬੱਤੀਆਂ ਦੀ ਸਜਾਵਟ ਕਰਨ ਦੀ ਬਜਾਏ ਕੇਵਲ ਘਿਉ ਦੇ ਦੀਵਿਆਂ ਨੂੰ ਜਗਾਉਣ ਦਾ ਹੁਕਮ ਜਾਰੀ ਕੀਤਾ ਹੈ। ਦਿੱਲੀ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਇਸ ਫੈਸਲੇ ਦਾ ਭਰਪੂਰ ਸੁਆਗਤ ਕੀਤਾ ਹੈ ਉਨ੍ਹਾਂ ਕਿਹਾ ਕਿ ਦਿੱਲੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਦਿੱਲੀ ਦੇ ਸਿੱਖਾਂ ਨੂੰ ਬੰਦੀ ਛੋੜ ਦਿਵਸ ਦੇ ਮੌਕੇ 'ਤੇ ਦੀਪਮਾਲਾ ਨਾ ਕਰਨ ਦੀ ਅਪੀਲ ਕਰ ਚੁੱਕੀ ਹੈ ਅਤੇ ਸੰਗਤਾਂ ਨੂੰ ਇਸ ਤਿਉਹਾਰ ਨੂੰ ਸਾਦਗੀ ਨਾਲ ਮਨਾਉਣ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਾਲ 1984 ਦੇ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿੱਚ 31 ਅਕਤੂਬਰ ਤੋਂ 3 ਨਵੰਬਰ ਤੱਕ ਰੋਸ਼ ਦਿਵਸ ਮਨਾਉਂਦੀ ਹੈ।ਸ. ਕਾਲਕਾ ਅਤੇ ਸ. ਕਾਹਲੋਂ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਇਹ ਅਪੀਲ ਕਰਕੇ ਦਿੱਲੀ ਹੀ ਨਹੀਂ, ਬਲਕਿ ਦੇਸ਼ ਭਰ ਵਿੱਚ 1984 ਦੇ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਅਤੇ ਪੀੜਤ ਪਰਿਵਾਰਾਂ ਦੀ ਹੌਸਲਾ ਅਫ਼ਜਾਈ ਕੀਤੀ ਹੈ। ਉਹਨਾਂ ਨੇ ਕਿਹਾ ਕਿ ਜਿਨ੍ਹਾਂ ਦੇ ਪਰਿਵਾਰਕ ਮੈਂਬਰ ਮੁੜ ਨਹੀਂ ਆ ਸਕਦੇ ਪਰ ਅਜਿਹੇ ਸੰਦੇਸ਼ ਦੇ ਕੇ ਇਹ ਹਮਦਰਦੀ ਦਾ ਪ੍ਰਗਟਾਵਾ ਕੀਤਾ ਜਾ ਸਕਦਾ ਹੈ।



# ਬੰਦੀਛੋੜ ਦਿਵਸ ਨੂੰ ਸਮਰਪਿਤ ਗੁਰਦੁਆਰਾ ਹਰਗੋਬਿੰਦਸਰ ਤੋਂ ਸਜਾਇਆ ਨਗਰ ਕੀਰਤਨ




**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 29 ਅਕਤੂਬਰ**

ਬੰਦੀ ਛੋੜ ਦਿਵਸ ਦੀ ਯਾਦ ਵਿਚ ਗੁਰਦੁਆਰਾ ਹਰਗੋਬਿੰਦਸਰ, ਜੀ.ਟੀ ਕਰਨਾਲ ਰੋਡ, ਦਿੱਲੀ ਤੋਂ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਹਰਗੋਬਿੰਦਸਰ ਤੋਂ ਹੁੰਦਾ ਹੋਇਆ ਗੁਰਦੁਆਰਾ ਮਜਨੂੰ ਕਾ ਟਿੱਲਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਮਾਤਾ ਸੁੰਦਰੀ ਜੀ, ਗੁਰਦੁਆਰਾ ਰਕਾਬ ਗੰਜ ਸਾਹਿਬ ਅਤੇ ਗੁਰਦੁਆਰਾ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ, ਗੁਰਦੁਆਰਾ ਛੋਟੇ ਸਾਹਿਬਜ਼ਾਦੇ ਫ਼ਤਿਹ ਨਗਰ ਤੋਂ ਹੁੰਦਾ ਹੋਇਆ ਵਾਪਸ ਗੁਰਦੁਆਰਾ ਹਰਗੋਬਿੰਦਸਰ ਵਿਖੇ ਸੰਪਨ ਹੋਇਆ। ਗੁਰਦੁਆਰਾ ਸ੍ਰੀ ਹਰਗੋਬਿੰਦਸਰ ਦੇ ਮੁੱਖ ਪ੍ਰਬੰਧਕ ਬਾਬਾ ਹਰਪਾਲ ਸਿੰਘ ਨੇ ਦੱਸਿਆ ਕਿ ਇਸ ਯਾਤਰਾ ਦਾ ਮੁੱਖ ਮੰਤਵ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਇਤਿਹਾਸ ਅਤੇ ਬੰਦੀ ਛੋੜ ਦਿਵਸ ਦੀ ਮਹਾਨਤਾ ਨੂੰ ਸੰਗਤਾਂ ਤੱਕ ਪਹੁੰਚਾਉਣਾ ਹੈ।ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਹ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ 40 ਤੋਂ 50 ਗੱਡੀਆਂ ਅਤੇ ਸੈਂਕੜੇ ਸੰਗਤਾਂ ਕਾਫਲੇ ਦੇ ਰੂਪ ਵਿੱਚ ਸ਼ਾਮਲ ਹੋਈਆਂ।ਇਸ ਯਾਤਰਾ ਦਾ ਉਪਰਾਲਾ ਸ. ਨਰਾਇਣ ਸਿੰਘ, ਸ. ਬਬੇਕ ਸਿੰਘ ਮਾਟਾ ਅਤੇ ਸਮੂਹ ਸਾਧ ਸੰਗਤ ਵੱਲੋਂ ਕੀਤਾ ਗਿਆ।ਬਾਬਾ ਹਰਪਾਲ ਸਿੰਘ ਨੇ ਦੱਸਿਆ ਕਿ ਬੰਦੀ ਛੋੜ ਦਿਵਸ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਗਵਾਲੀਅਰ ਦੇ ਕਿਲੇ ਵਿੱਚੋਂ 52 ਹਿੰਦੂ ਰਾਜਿਆਂ ਨੂੰ ਮੁਗਲਾਂ ਦੀ ਕੈਦ ਤੋਂ ਆਜ਼ਾਦ ਕਰਵਾਉਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।ਬਾਬਾ ਹਰਪਾਲ ਨੇ ਦੱਸਿਆ ਕਿ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੀ ਦਿੱਲੀ ਦੀ ਯਾਤਰਾ ਦੌਰਾਨ ਗੁਰਦੁਆਰਾ ਹਰਗੋਬਿੰਦਸਰ ਵਿੱਖੇ ਚਰਣ ਪਾਏ ਸਨ ਤੇ ਬਾਬਾ ਬਘੇਲ ਸਿੰਘ ਦਿੱਲੀ ਫਤਿਹ ਕਰਨ ਸਮੇਂ ਇਸ ਸਥਾਨ ਤੇ ਆ ਕੇ ਠਹਿਰੇ ਸਨ।

# ਮੁੱਖ ਮੰਤਰੀ ਵੱਲੋਂ ਸੂਬੇ ਦੇ ਸ਼ਹਿਰੀ ਇਲਾਕਿਆਂ ਦੇ ਵਿਕਾਸ ਲਈ ਵੱਡੀਆਂ ਪਹਿਲਕਦਮੀਆਂ

## ਸ਼ਹਿਰਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਦਿੱਲੀ ਸਰਕਾਰ ਨਾਲ ਕੀਤੀ ਮੀਟਿੰਗ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 29 ਅਕਤੂਬਰ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਦਿੱਲੀ ਦੇ ਆਪਣੇ ਹਮਰੁਤਬਾ ਨਾਲ ਸੂਬੇ ਦੇ ਨਗਰ ਨਿਗਮ ਵਾਲੇ ਸ਼ਹਿਰਾਂ ਨੂੰ ਨਵੀਂ ਦਿੱਖ ਦੇਣ ਲਈ ਮੀਟਿੰਗ ਕੀਤੀ।ਇਹ ਮੀਟਿੰਗ ਸ਼ਹਿਰੀ ਵਿਕਾਸ ਨੂੰ ਹੁਲਾਰਾ ਦੇਣ ਲਈ ਸੂਬਾ ਸਰਕਾਰ ਦੇ ਦਿੱਲੀ ਸਰਕਾਰ ਨਾਲ ਗਿਆਨ ਦੇ ਅਦਾਨ-ਪ੍ਰਦਾਨ ਸਬੰਧੀ ਸਮਝੌਤੇ ਤਹਿਤ ਕੀਤੀ ਗਈ ਸੀ ਅਤੇ ਇਸ ਵਿੱਚ ਸੂਬੇ ਦੇ ਸਾਰੇ ਨਗਰ ਨਿਗਮਾਂ ਦੇ ਕਮਿਸ਼ਨਰ ਵੀ ਸ਼ਾਮਲ ਹੋਏ।ਹੋਰ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਮੀਟਿੰਗ ਦਾ ਮੰਤਵ ਸੂਬੇ ਦੇ ਮਿਉਂਸਪਲ ਸ਼ਹਿਰਾਂ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਹੁਲਾਰਾ ਦੇਣਾ ਹੈ।ਉਨ੍ਹਾਂ ਅੱਗੇ ਕਿਹਾ ਕਿ ਇਸ ਦਾ ਮਕਸਦ ਇਹ ਵੀ ਯਕੀਨੀ ਬਣਾਉਣਾ ਹੈ ਕਿ ਸ਼ਹਿਰ ਵਾਸੀਆਂ ਨੂੰ ਦਿੱਲੀ ਦੀ ਤਰਜ਼ 'ਤੇ ਅਤਿ ਆਧੁਨਿਕ ਨਾਗਰਿਕ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਸ ਦਿਸ਼ਾ ਵਿੱਚ ਪਹਿਲਾਂ ਹੀ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਦੀ 'ਆਪ' ਸਰਕਾਰ ਨੇ ਸ਼ਹਿਰਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰਨ ਦੀ ਦਿਸ਼ਾ ਵਿੱਚ ਨਵੇਂ ਦਿਸਹੱਦੇ ਕਾਇਮ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸੇ ਤਰਜ਼ 'ਤੇ ਸ਼ਹਿਰਾਂ ਦਾ ਸਰਬਪੱਖੀ ਵਿਕਾਸ ਕਰਵਾਉਣਾ ਚਾਹੁੰਦੀ ਹੈ, ਜਿਸ ਲਈ ਦਿੱਲੀ ਸਰਕਾਰ ਦੀ ਮੁਹਾਰਤ ਦਾ ਭਰਪੂਰ ਲਾਭ ਲਿਆ ਜਾ ਸਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਾਬਿਤ ਹੋ ਚੁੱਕਾ ਹੈ ਕਿ ਅਰਵਿੰਦ ਕੇਜਰੀਵਾਲ ਦੀ ਦੂਰਅੰਦੇਸ਼ ਅਗਵਾਈ ਵਾਲੀ 'ਆਪ' ਸਰਕਾਰ ਨੇ ਸ਼ਹਿਰੀ ਵਿਕਾਸ ਅਤੇ ਯੋਜਨਾਬੰਦੀ ਦੇ ਖੇਤਰ 'ਚ ਸ਼ਾਨਦਾਰ ਮੱਲ੍ਹਾਂ ਮਾਰੀਆਂ ਹਨ।ਮੁੱਖ ਮੰਤਰੀ ਨੇ ਕਿਹਾ ਕਿ ਸ਼ਹਿਰੀ ਵਿਕਾਸ ਦੇ ਸਬੰਧ ਵਿੱਚ ਦਿੱਲੀ ਮਾਡਲ ਪੂਰੇ ਦੇਸ਼ ਲਈ ਚਾਨਣ ਮੁਨਾਰਾ ਬਣ ਕੇ ਉੱਭਰਿਆ ਹੈ, ਇਸ ਲਈ ਪੰਜਾਬ ਨੂੰ ਇਸ ਦਾ ਵਿਆਪਕ ਲਾਭ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਮੁੱਖ ਧਿਆਨ ਸ਼ਹਿਰਾਂ ਦੀ ਸਫ਼ਾਈ, ਪੀਣ ਵਾਲੇ ਪਾਣੀ ਦੀ ਸਪਲਾਈ, ਸਟਰੀਟ ਲਾਈਟਾਂ ਦੇ ਨਾਲ-ਨਾਲ ਸ਼ਹਿਰਾਂ ਦੇ ਸਰਬਪੱਖੀ ਵਿਕਾਸ ਵੱਲ ਕੇਂਦਰਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦੇ ਹਰੇਕ ਕਦਮ ਦਾ ਉਦੇਸ਼ ਆਮ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਅਤੇ ਉਨ੍ਹਾਂ ਨੂੰ ਅਤਿ ਆਧੁਨਿਕ ਨਾਗਰਿਕ ਸਹੂਲਤਾਂ ਪ੍ਰਦਾਨ ਕਰਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੜਕਾਂ ਵਿੱਚ ਪਏ ਟੋਇਆਂ, ਪੈਚ ਵਰਕ ਅਤੇ ਹੋਰ ਟੁੱਟ-ਭੱਜ ਆਦਿ ਦੀ ਪਛਾਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ) ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ ਤਾਂ ਜੋ ਨਿਰਧਾਰਤ ਸਮੇਂ ਅੰਦਰ ਢੁਕਵੀਂ ਮੁਰੰਮਤ ਨੂੰ ਯਕੀਨੀ ਬਣਾਇਆ ਜਾ ਸਕੇ।ਉਨ੍ਹਾਂ ਅੱਗੇ ਕਿਹਾ ਕਿ ਸ਼ਹਿਰਾਂ ਦੀਆਂ ਸਾਰੀਆਂ ਸੜਕਾਂ 'ਤੇ ਬਲੈਕ ਸਪਾਟ ਦੀ ਪਛਾਣ ਕਰਨ ਅਤੇ ਲਾਈਟਾਂ ਲਗਾਉਣ ਲਈ ਏ.ਆਈ. ਦੀ ਵਰਤੋਂ ਕਰਨ ਦਾ ਫੈਸਲਾ ਕੀਤਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਹੀ ਸਮੇਂ 'ਤੇ ਅਲਰਟ ਭੇਜਣ ਅਤੇ ਵੱਧ ਤੋਂ ਵੱਧ ਤਿੰਨ ਘੰਟਿਆਂ ਵਿੱਚ ਸਟਰੀਟ ਲਾਈਟਾਂ ਦੀ ਮੁਰੰਮਤ ਨੂੰ ਯਕੀਨੀ ਬਣਾਉਣ ਲਈ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਨ ਦਾ ਵੀ ਫੈਸਲਾ ਕੀਤਾ ਗਿਆ।



# ਸਵੱਛਤਾ ਦੀ ਲਹਿਰ ਸਫਾਈ ਪੰਦਰਵਾੜੇ ਦਾ ਆਗਾਜ਼



**ਆਜ਼ਾਦ ਸੋਚ**
**ਰਜਨੀਸ਼ ਕਰਕਰਾ/ਰਾਮਪੁਰਾ ਫੂਲ, 29 ਅਕਤੂਬਰ**

ਮਾਨਯੋਗ ਡਾ ਰਵੀਜੀਤ ਸਿੰਘ ਕੈਬਿਨੇਟ ਮੰਤਰੀ ਲੋਕਲ ਬਾਡੀ ਦੇ ਯੋਗ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਨਗਰ ਕੌਂਸਲ ਰਾਮਪੁਰਾ ਫੂਲ ਦੇ ਕਾਰਜ ਸਾਧਕ ਅਫਸਰ ਰਜਨੀਸ਼ ਕੁਮਾਰ ਦੀ ਅਗਵਾਈ ਹੇਠ ਸਵੱਛਤਾ ਦੀ ਲਹਿਰ ਪੰਦਰਵਾੜਾ ਜਿਹੜਾ ਕਿ ਮਿਤੀ 24 ਅਕਤੂਬਰ 2024 ਤੋਂ 7 ਨਵੰਬਰ 2024 ਅਭਿਆਨ ਤਹਿਤ ਸ਼ਹਿਰ ਦੇ ਵੱਖ ਵੱਖ ਸਥਾਨਾਂ ਦੀ ਸਫ਼ਾਈ ਲਈ ਅਭਿਆਨ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਤਹਿਤ ਵੱਖ ਵੱਖ ਗਤੀਵਿਧੀਆਂ ਤਹਿਤ ਸ਼ਹਿਰ ਦੀ ਸਫਾਈ ਸ਼ਹਿਰ ਵਾਸੀਆਂ, ਵੱਖ ਵੱਖ ਐਨ ਜੀ ਓਜ਼ ਤਹਿਤ ਕੀਤੀ ਜਾ ਰਹੀ ਹੈ।
ਕਾਰਜ ਸਾਧਕ ਅਫਸਰ ਰਜਨੀਸ਼ ਕੁਮਾਰ ਨੇ ਵੱਖ ਵੱਖ ਵਲੰਟੀਅਰ ਦੇ ਨਾਲ ਮੀਟਿੰਗ ਕਰਦੇ ਹੋਏ ਕਿਹਾ ਗਿਆ ਕਿ ਇਸ ਮੁਹਿੰਮ ਤਹਿਤ ਸ਼ਹਿਰ ਵਾਸੀਆਂ ਨੂੰ ਗਿੱਲੇ ਅਤੇ ਸੁੱਕੇ ਕਚਰੇ ਨੂੰ ਅਲੱਗ ਅਲੱਗ ਕਰਕੇ ਹੀ ਸ਼ਹਿਰ ਦੇ ਸਫ਼ਾਈ ਕਰਮਚਾਰੀਆਂ ਨੂੰ ਦੇਣ ਦੀ ਅਪੀਲ ਕੀਤੀ।

ਇਸ ਮੁਹਿੰਮ ਤਹਿਤ ਸ਼ਹਿਰ ਦੇ ਅੰਦਰੂਨੀ ਅਤੇ ਬਾਹਰੀ ਰਸਤਿਆਂ ਦੀ ਸਫ਼ਾਈ, ਜੀ ਵੀ ਪੀ ਨੂੰ ਖ਼ਤਮ ਕਰਨਾ, ਸ਼ਹਿਰ ਦੇ ਧਾਰਮਿਕ ਸਥਾਨਾਂ ਦੀ ਸਫ਼ਾਈ ਕਰਨੀ, ਰਾਤ ਨੂੰ ਸਫ਼ਾਈ ਕਰਨੀ ਅਤੇ ਸਫਾਈ ਮੁਹਿੰਮ ਨੂੰ ਜਨ ਜਨ ਤੱਕ ਪਹੁੰਚਾਉਣ ਦੀ ਸੁਰੂਆਤ ਕੀਤੀ ਗਈ।ਇਸ ਮੌਕੇ ਨਗਰ ਕੌਂਸਲ ਰਾਮਪੁਰਾ ਫੂਲ ਦੇ ਸੈਨੇਟਰੀ ਇੰਸਪੈਕਟਰ ਰੇਸ਼ਮ ਸਿੰਘ, ਇੰਸੈਕਟਰ ਰਾਮੇਸ਼ ਕੁਮਾਰ ਤੇ ਬਲਵੰਤ ਅਤੇ ਪ੍ਰੋਗਰਾਮ ਕੋਆਰਡੀਨੇਟਰ ਸ੍ਰ ਮੰਗਲ ਸਿੰਘ ਅਤੇ ਵੱਖ ਵੱਖ ਸਕੂਲਾਂ ਅਤੇ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦਾ ਐੱਨ.ਸੀ.ਸੀ. ਵਿਦਿਆਰਥੀਆਂ ਲਈ ਵਿਸ਼ੇਸ਼ ਉਪਰਾਲਾ

## ਫ਼ਤਿਹ ਸਾਲਾਨਾ ਸਿਖਲਾਈ ਕੈਂਪ 2024 ਨੇ ਦੇਸ਼ ਭਗਤੀ ਤੇ ਸਮਾਜ ਸੇਵਾ ਦੇ ਭਾਵ ਨੂੰ ਕੀਤਾ ਵਿਕਸਿਤ



**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 29 ਅਕਤੂਬਰ**

ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿਖੇ ਕਾਲਜ ਦੇ ਐੱਨ.ਸੀ.ਸੀ. ਵਿਦਿਆਰਥੀਆਂ ਲਈ ਇਕ ਹਫ਼ਤੇ ਦਾ 'ਫ਼ਤਿਹ ਸਾਲਾਨਾ ਸਿਖਲਾਈ ਕੈਂਪ 2024' ਆਯੋਜਿਤ ਕੀਤਾ ਗਿਆ। ਕੈਂਪ ਦੇ ਆਰੰਭ ਵਿਚ ਵਿਦਿਆਰਥੀਆਂ ਨੂੰ ਕੈਂਪ ਦੇ ਉਦੇਸ਼ ਅਤੇ ਰੂਪ-ਰੇਖਾ ਬਾਰੇ ਜਾਣਕਾਰੀ ਦਿੱਤੀ ਗਈ।ਕੈਂਪ ਦੇ ਉਦਘਾਟਨੀ ਸਮਾਰੋਹ ਵਿਚ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਹਰਬੰਸ ਸਿੰਘ ਨੇ ਐੱਨ.ਸੀ.ਸੀ. ਦੇ ਆਪਣੇ ਅਨੁਭਵ ਸਾਂਝੇ ਕੀਤੇ ਤੇ ਕਾਲਜ ਵਿਚ ਐੱਨ.ਸੀ.ਸੀ. ਨੂੰ ਯੋਗ ਢੰਗ ਨਾਲ ਚਲਾਉਣ ਲਈ ਮੇਜਰ ਪ੍ਰੋ. ਗੁਰਿੰਦਰ ਸਿੰਘ ਤੇ ਡਾ. ਨਿੰਮੀ ਸਿੰਘ ਦੀਆਂ ਸੇਵਾਵਾਂ ਤੋਂ ਸਾਰਿਆਂ ਨੂੰ ਜਾਣੂ ਕਰਾਇਆ।ਉਨ੍ਹਾਂ ਨੇ ਨਵੇਂ ਬੜੇ ਸੀ.ਟੀ.ਓ. ਡਾ. ਗੁਰਜੀਤ ਕੌਰ (ਐੱਸ. ਡਬਲਿਊ) ਅਤੇ ਡਾ. ਪ੍ਰਕਾਸ਼ ਸਿੰਘ (ਐੱਸ.ਡੀ.) ਨੂੰ ਇਸ ਪਰੰਪਰਾ ਨੂੰ ਅੱਗੋਂ ਹੋਰ ਅੱਗੇ ਲੈ ਕੇ ਜਾਣ ਲਈ ਪ੍ਰੇਰਿਤ ਕੀਤਾ। ਇਸ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਇਸ ਕੈਂਪ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।ਡਾ. ਗੁਰਜੀਤ ਕੌਰ ਨੇ ਕਾਲਜ ਦੇ ਪ੍ਰਿੰਸੀਪਲ ਪ੍ਰੋ. ਗੁਰਮੋਹਿੰਦਰ ਸਿੰਘ, ਪ੍ਰੋ. ਸੁਰਿੰਦਰ ਕੌਰ ਤੇ ਹੋਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਯੋਗ ਅਗਵਾਈ ਹੇਠ ਇਹ ਪ੍ਰੋਗਰਾਮ ਉਲੀਕਿਆ ਗਿਆ। ਕੈਂਪ ਦਾ ਉਦੇਸ਼ ਹਰ ਇਕ ਕੈਡਿਟ ਦਾ ਸਰਬਪੱਖੀ ਵਿਕਾਸ, ਟੀਮਵਰਕ ਅਤੇ ਲੀਡਰਸ਼ਿਪ ਯੋਗਤਾਵਾਂ ਭਰਨਾ ਸੀ। ਕੈਂਪ ਵਿਚ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਨ੍ਹਾਂ ਰਾਹੀਂ ਵਿਦਿਆਰਥੀਆਂ ਨੇ ਅਨੁਸ਼ਾਸਨ ਅਤੇ ਏਕਤਾ ਦੇ ਗੁਣ ਸਿੱਖੇ।ਇਨ੍ਹਾਂ ਗਤੀਵਿਧੀਆਂ ਵਿਚ ਸਕੁਐਡ ਡਰਿੱਲ, ਕੁਆਟਰ ਗਾਰਡ ਆਦਿ ਸ਼ਾਮਲ ਸਨ। ਇਸ ਤੋਂ ਇਲਾਵਾਂ ਵਿਦਿਆਰਥੀਆਂ ਨੇ ਸੋਲੋ ਗਾਇਨ, ਸੋਲੋ ਡਾਂਸ, ਸਮੂਹ ਡਾਂਸ, ਸਮੂਹ ਗੀਤ, ਕਵਿਤਾ ਪਾਠ ਆਦਿ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਆਪਣੀ ਪ੍ਰਤਿਭਾ ਵਿਖਾਈ। ਖੇਡਾਂ ਦੀਆਂ ਗਤੀਵਿਧੀਆਂ ਦੌਰਾਨ ਇਨ੍ਹਾਂ ਕੈਡਿਟ ਨੇ ਵਾਲੀਬਾਲ, ਟੱਗ ਆਫ਼ ਵਾਰ, ਅਤੇ ਹੋਰ ਸਰੀਰਕ ਮੁਕਾਬਲਿਆਂ ਵਿਚ ਹਿੱਸਾ ਲਿਆ। ਕੈਂਪ ਦੀਆਂ ਇਨ੍ਹਾਂ ਗਤੀਵਿਧੀਆਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਆਉਣ ਵਾਲੀਆਂ ਚੁਣੌਤੀਆਂ ਲਈ ਤਿਆਰ ਕੀਤਾ।ਕੈਂਪ ਦੇ ਵਿਦਾਇਗੀ ਸਮਾਰੋਹ ਵਿਚ ਏਡੀਜੀ ਮੇਜਰ ਜਨਰਲ ਐੱਸਪੀ ਵਿਸ਼ਵਾਸਰਾਓ (ਐੱਸ.ਐੱਮ.) ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਐੱਨ.ਸੀ.ਸੀ ਦੇ ਵਿਦਿਆਰਥੀਆਂ ਨੂੰ ਚਰਿੱਤਰ ਨਿਰਮਾਣ, ਦੇਸ਼ ਭਗਤੀ ਤੇ ਹਥਿਆਰਬੰਧ ਬਲਾਂ ਲਈ ਤਿਆਰੀ ਕਰਨ ਤੇ ਧਿਆਨ ਦੇਣਾ ਚਾਹੀਦਾ ਹੈ।ਉਨ੍ਹਾਂ ਨੇ 'ਵੰਸ ਏ ਕੈਡੇਟ ਔਲਵੇਜ਼ ਏ ਕੈਡੇਟ' ਦੇ ਸਲੋਗਨ ਰਾਹੀਂ ਦੇਸ਼ ਭਗਤੀ ਦੀ ਭਾਵਨਾਂ ਨੂੰ ਵਿਦਿਆਰਥੀਆਂ ਵਿਚ ਸੰਮਿਲਤ ਕਰਦਿਆਂ ਕਿਹਾ ਕਿ ਅਜਿਹਾ ਕੈਡੇਟ ਆਪਣੇ ਦੇਸ਼ ਤੇ ਸਮਾਜ ਨੂੰ ਹਮੇਸ਼ਾ ਪਹਿਲ ਦਿੰਦਾ ਹੈ।ਕੈਂਪ ਦੌਰਾਨ ਵੱਖ-ਵੱਖ ਮੁਕਾਬਲਿਆਂ ਵਿਚ ਭਾਗ ਲੈ ਕੇ ਜਿੱਤ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦੌਰਾਨ ਕਾਲਜ ਦੀ ਐਨ.ਸੀ.ਸੀ. ਕੋਰ ਕਮੇਟੀ ਦੇ ਸਮੂਹ ਮੈਂਬਰ ਵੀ ਸ਼ਾਮਲ ਹੋਏ।

# ਅਮਨਦੀਪ ਸਿੰਘ ਸਿਆਣ ਨੂੰ ਰਾਮਗੜ੍ਹੀਆ ਅਕਾਲ ਜਥੇਬੰਦੀ ਜਿਲ੍ਹਾ ਮੋਹਾਲੀ ਦਾ ਪ੍ਰਧਾਨ ਥਾਪਿਆ



**ਆਜ਼ਾਦ ਸੋਚ**
**ਹਰਜਿੰਦਰ ਭੰਗੂ**
**ਕੁਰਾਲੀ , 29 ਅਕਤੂਬਰ**

ਅੱਜ ਰਾਮਗੜ੍ਹੀਆ ਅਕਾਲ ਜਥੇਬੰਦੀ ਜਿਲ੍ਹਾ ਮੋਹਾਲੀ ਦੀ ਵਿਸ਼ੇਸ ਮੀਟਿੰਗ ਸ੍ਰੀ ਵਿਸ਼ਵਕਰਮਾ ਮੰਦਿਰ ਕੁਰਾਲੀ ਵਿਖੇ ਜਥੇਬੰਦੀ ਜਿਲ੍ਹਾ ਮੋਹਾਲੀ ਦੇ ਚੇਅਰਮੈਨ ਸਤਨਾਮ ਧੀਮਾਨ ਦੀ ਅਗਵਾਈ ਹੇਠ ਹੋਈ। ਇਸ ਮੌਕੇ ਸਮਾਜ ਸੇਵੀ ਨੌਜਵਾਨ ਅਮਨਦੀਪ ਸਿੰਘ ਸਿਆਣ (ਰੌਕੀ)ਨੂੰ ਰਾਮਗੜ੍ਹੀਆ ਅਕਾਲ ਜਥੇਬੰਦੀ ਜਿਲ੍ਹਾ ਮੋਹਾਲੀ ਦਾ ਪ੍ਰਧਾਨ ਥਾਪਿਆ ਗਿਆ। ਇਸ ਮੌਕੇ ਸਤਨਾਮ ਧੀਮਾਨ ਨੇ ਕਿਹਾ ਕਿ ਸਾਡਾ ਉਦੇਸ਼ ਰਾਮਗੜ੍ਹੀਆ ਧੀਮਾਨ ਬਰਾਦਰੀ ਨੂੰ ਇਕ ਮੰਚ ਤੇ ਇਕੱਤਰ ਕਰਨਾ ਹੈ। ਆਉਣ ਵਾਲੀਆਂ ਸਾਡੀਆਂ ਪੀੜੀਆਂ ਨੂੰ ਆਪਣੀ ਬਰਾਦਰੀ ਦੇ ਹੋਏ ਗੁਰੂ, ਸੂਰਬੀਰ ਯੋਧੇ ਉਹਨਾਂ ਦੀਆਂ ਆਪਣੇ ਦੇਸ਼ ਤੇ ਲੋਕਾਂ ਪ੍ਰਤੀ ਦਿਤੀਆਂ ਕੁਰਬਾਨੀਆ ਨੂੰ ਕਿਵੇਂ ਤਰੋ ਤਾਜਾ ਰੱਖਣਾ ਹੈ ਸਾਨੂੰ ਸਾਰਿਆਂ ਨੂੰ ਆਪਣੀ ਰਾਮਗੜ੍ਹੀਆ ਧੀਮਾਨ ਬਰਾਦਰੀ ਤੇ ਮਾਣ ਹੋਣਾ ਚਾਹੀਦਾ।

ਇਸ ਮੌਕੇ ਨਵ ਨਿਯੁਕਤ ਰਾਮਗੜ੍ਹੀਆ ਅਕਾਲ ਜਥੇਬੰਦੀ ਜਿਲ੍ਹਾ ਮੋਹਾਲੀ ਦੇ ਪ੍ਰਧਾਨ ਅਮਨਦੀਪ ਸਿੰਘ ਸਿਆਣ ਨੇ ਆਏ ਹੋਏ ਰਾਮਗੜ੍ਹੀਆ ਧੀਮਾਨ ਬਰਾਦਰੀ ਦੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਜੋ ਜੁੰਮੇਵਾਰੀ ਮੈਨੂੰ ਸੌਂਪੀ ਗਈ ਹੈ ਉਸ ਨੂੰ ਮੈਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਬਰਾਦਰੀ ਦੀ ਚੜ੍ਹਦੀਕਲਾ ਲਈ ਕੰਮ ਕਰਾਂਗਾ। ਇਸ ਮੌਕੇ ਜਸਵਿੰਦਰ ਸਿੰਘ ਗੋਲਡੀ ਸਾਬਕਾ ਪ੍ਰਧਾਨ ਨਗਰ ਕੌਂਸਲ ਕੁਰਾਲੀ, ਲੱਕੀ ਕਲਸੀ, ਹਨੀ ਕਲਸੀ, ਵਿਨੋਦ ਧੀਮਾਨ, ਬੰਟੀ ਧੀਮਾਨ ਵਾਈਸ ਪ੍ਰਧਾਨ ਖਰੜ ਗੁਰਿੰਦਰ ਸਿੰਘ ਲੱਕੀ, ਹਰਿੰਦਰ ਸਿੰਘ, ਜਸਪ੍ਰੀਤ ਸਿੰਘ ਜੱਸੀ, ਸਤਿਨਾਮ ਸਿੰਘ, ਮਾਸਟਰ ਦਰਸ਼ਨ ਸਿੰਘ, ਜਸਵਿੰਦਰਜੀਤ ਕੌਰ, ਕ੍ਰਿਸ਼ਨਾ, ਸੁਰਿੰਦਰ ਕੌਰ, ਬਲਜਿੰਦਰ ਕੌਰ, ਦਿਆਵੰਤੀ, ਤਰਨਵੀਰ ਸਿੰਘ, ਬਲਜੀਵਨ ਸਿੰਘ, ਸਿਮਰਨਪ੍ਰੀਤ ਸਿੰਘ, ਮਨੋਹਰ ਸਿੰਘ, ਸੁਖਵੰਤ ਸਿੰਘ ਸਮੇਤ ਹੋਰ ਕਈ ਮੈਂਬਰ ਵੀ ਹਾਜ਼ਰ ਸਨ।

# ਵੋਟਰ ਸੂਚੀ ਦੀ ਸੁਧਾਈ ਸਬੰਧੀ ਜਿਲ੍ਹੇ ਦੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ



**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ**
**ਮਲੇਰਕੋਟਲਾ , 29 ਅਕਤੂਬਰ**

ਭਾਰਤ ਚੋਣ ਕਮਿਸ਼ਨ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਸੁਧਾਈ 2025 ਨੂੰ ਮੁੱਖ ਰੱਖਦੇ ਹੋਏ ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਦੀ ਅਗਵਾਈ ਹੇਠ ਜਿਲ੍ਹੇ ਦੇ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਵਿਧਾਨ ਸਭਾ ਹਲਕਾ 105-ਮਲੇਰਕੋਟਲਾ ਅਤੇ ਵਿਧਾਨ ਸਭਾ ਹਲਕਾ 106-ਅਮਰਗੜ੍ਹ ਦੀਆਂ ਡਰਾਫਟ ਵੋਟਰ ਸੂਚੀਆਂ ਦਾ ਸੈੱਟ ਅਤੇ ਸੀ.ਡੀ.ਸੌਂਪੀ ਗਈ। ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01-01-2025 ਦੇ ਆਧਾਰ ਅਤੇ ਫੋਟੋ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਪ੍ਰੋਗਰਾਮ ਮਿਤੀ 29 ਅਕਤੂਬਰ 2024 ਤੋਂ 28 ਨਵੰਬਰ 2024 ਤੱਕ ਮਿਥਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਯੋਗ ਵੋਟਰਾਂ ਦੀ ਸਹੂਲਤ ਲਈ 09 ਨਵੰਬਰ, 2024 (ਦਿਨ ਸ਼ਨੀਵਾਰ), 10 ਨਵੰਬਰ (ਦਿਨ ਐਤਵਾਰ) ਅਤੇ 23 ਨਵੰਬਰ (ਦਿਨ ਸ਼ਨੀਵਾਰ) ਅਤੇ 24 ਨਵੰਬਰ (ਦਿਨ ਐਤਵਾਰ) ਨੂੰ ਸਪੈਸ਼ਲ ਕੈਂਪ ਦੌਰਾਨ ਬੂਥ ਲੈਵਲ ਅਫ਼ਸਰ ਆਪਣੇ ਪੋਲਿੰਗ ਸਟੇਸ਼ਨਾਂ 'ਤੇ ਬੈਠ ਕੇ ਦਾਅਵੇਂ ਅਤੇ ਇਤਰਾਜ਼ ਪ੍ਰਾਪਤ ਕਰਨਗੇ। ਇਸ ਸਮੇਂ ਦੌਰਾਨ ਪ੍ਰਾਪਤ ਕੀਤੇ ਗਏ ਫ਼ਾਰਮਾਂ ਦਾ ਨਿਪਟਾਰਾ ਸਬੰਧਤ ਚੋਣਕਾਰ ਰਜਿਸਟ ?ਰੇਸ਼ਨ ਅਫ਼ਸਰਾਂ ਵੱਲੋਂ ਤੋਂ 24 ਦਸੰਬਰ 2024 ਤੱਕ ਕੀਤਾ ਜਾਵੇਗਾ। ਫੋਟੋ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾਂ 06 ਜਨਵਰੀ, 2025 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨਵੀਂ ਵੋਟ ਬਣਾਉਣ ਲਈ ਫ਼ਾਰਮ ਨੰ.6, ਵੋਟ ਕਟਵਾਉਣ ਲਈ ਫ਼ਾਰਮ ਨੰ.7 ਅਤੇ ਕਿਸੇ ਵੀ ਪ੍ਰਕਾਰ ਦੀ ਦਰੁੱਸਤੀ, ਪਤਾ ਬਦਲਣ, ਡੁਪਲੀਕੇਟ ਸ਼ਨਾਖਤੀ ਕਾਰਡ ਅਤੇ ਪੀ.ਡਬਲਿਓ.ਡੀ.ਮਾਰਕਿੰਗ ਲਈ ਫ਼ਾਰਮ ਨੰ.8 ਭਰਿਆ ਜਾਵੇਗਾ। ਐਨ.ਆਰ.ਆਈ. ਵੋਟਰ ਲਈ ਫਾਰਮ ਨੰ. 6 ਏ ਨਿਰਧਾਰਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਯੋਗਤਾ ਮਿਤੀ ਦੇ ਅਧਾਰ ਤੇ 17 ਤੋਂ 18 ਸਾਲ ਦੀ ਉਮਰ ਦੇ ਯੋਗ ਬਿਨੈਕਾਰਾਂ ਦੀ ਵੋਟਰ ਰਜਿਸਟ ?ਰੇਸ਼ਨ ਲਈ ਉਹਨਾਂ ਦੇ ਵੇਰਵੇ ਐਡਵਾਂਸ਼ ਵਿੱਚ ਇੱਕਤਰ ਕੀਤੇ ਜਾਣਗੇ। ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਵੈਬਸਾਇਟ ਡ਼ੌਠਓ ?ਰ ਫੌ ?ਰਠਅਲ਼ ਜਾਂ ਡ਼ੌਠਓ ?ਰ ?ਹਓਲ਼ਫਲ਼ੀਓ ਬਿਲਏ ਅਪਪ. ਰਾਹੀਂ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਇਲਾਵਾ ਵੋਟਾਂ ਸਬੰਧੀ ਕਿਸੇ ਵੀ ਕਿਸਮ ਦੀ ਔਕੜ ਪੇਸ਼ ਆ ਰਹੀ ਹੈ ਤਾਂ ਹਰ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਦਫ਼ਤਰ ਜ਼ਿਲ੍ਹਾ ਅਫ਼ਸਰ ਮਲੇਰਕੋਟਲਾ ਵਿਖੇ ਸੰਪਰਕ ਕੀਤਾ ਜਾ ਰਿਹਾ ਹੈ।

# ਜਲਬੇੜੀ ਗਹਿਲਾਂ ਦੀ ਨਵੀਂ ਚੁਣੀ ਪੰਚਾਇਤ ਦਾ ਵਿਧਾਇਕ ਰਾਏ ਨੇ ਕੀਤਾ ਸਨਮਾਨ



**ਆਜ਼ਾਦ ਸੋਚ**
**ਸੁਨੀਲ ਵਰਮਾ**
**ਫਤਿਹਗੜ੍ਹ ਸਾਹਿਬ , 29 ਅਕਤੂਬਰ**

ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਪਿੰਡ ਜਲਬੇੜੀ ਗਹਿਲਾਂ ਦੀ ਨਵੀਂ ਚੁਣੀ ਗਈ ਪੰਚਾਇਤ ਦਾ ਸਿਰੋਪਾਓ ਦੇ ਨਾਲ ਸਨਮਾਨ ਕੀਤਾ ਗਿਆ। ਵਿਧਾਇਕ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਆਮ ਘਰਾਂ ਦੇ ਧੀ ਪੁੱਤ ਪੰਚ ਸਰਪੰਚ ਬਣ ਰਹੇ ਹਨ। ਆਪ ਦੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਆਮ ਘਰਾਂ ਦੇ ਧੀਆਂ ਪੁੱਤਾਂ ਨੂੰ ਤਰਜੀਹ ਦਿੱਤੀ ਹੈ। ਉਹਨਾਂ ਕਿਹਾ ਕਿ ਫਤਿਹਗੜ੍ਹ ਸਾਹਿਬ ਦੇ ਵਿੱਚ ਬਹੁਤ ਸਾਰੀਆਂ ਪੰਚਾਇਤਾਂ ਸਰਬ ਸੰਮਤੀ ਦੇ ਨਾਲ ਬਣੀਆਂ ਹਨ, ਜਿਨਾਂ ਦਾ ਉਨਾਂ ਵੱਲੋਂ ਸਵਾਗਤ ਕੀਤਾ ਗਿਆ। ਜਿਹੜੇ ਪਿੰਡਾਂ ਦੇ ਵਿੱਚ ਚੋਣ ਹੋਈ ਹੈ ਉਨਾਂ ਵਿੱਚੋਂ ਵਧੇਰੇ ਗਿਣਤੀ ਚ ਆਪ ਦੇ ਪੰਚ ਸਰਪੰਚ ਜਿੱਤੇ ਹਨ। ਉਹ ਜਿੱਥੇ ਨਵੇਂ ਚੁਣੇ ਪੰਚਾਂ ਸਰਪੰਚਾਂ ਨੂੰ ਵਧਾਈ ਦਿੰਦੇ ਹਨ ਉੱਥੇ ਹੀ ਵਿਸ਼ਵਾਸ ਦਵਾਉਂਦੇ ਹਨ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ। ਇਸ ਮੌਕੇ ਪਿੰਡ ਜਲਬੇੜੀ ਗਹਿਲਾਂ ਦੀ ਨਵੀ ਸਰਪੰਚ ਜਸਵੀਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਵਾਸੀਆਂ ਵੱਲੋਂ ਵੱਡੇ ਬਹੁਮੱਤ ਦੇ ਨਾਲ ਉਨਾਂ ਨੂੰ ਜਿਤਾਇਆ ਗਿਆ ਹੈ। ਇਸ ਲਈ ਉਹ ਪਿੰਡ ਦੇ ਸਰਬਪੱਖੀ ਵਿਕਾਸ ਲਈ ਪੂਰੇ ਜ਼ੋਰ ਨਾਲ ਕੰਮ ਕਰਨਗੇ। ਇਸ ਮੌਕੇ ਨਵੇਂ ਚੁਣੇ ਪੰਚ ਜਿਨਾਂ ਦੇ ਵਿੱਚ ਜਸਵਿੰਦਰ ਕੌਰ ਸਤਨਾਮ ਸਿੰਘ ਦਮਨ ਜੋਤ ਸਿੰਘ ਚੀਮਾ ਸਤਨਾਮ ਸਿੰਘ ਚੀਮਾ ਆਦਿ ਦਾ ਵੀ ਸਿਰੋਪਾਓ ਦੇ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੀਏ ਮਾਨਵ ਟਿਵਾਣਾ, ਪੀਏ ਸਤੀਸ਼ ਕੁਮਾਰ, ਬਿਕਰਮਜੀਤ ਸਿੰਘ ਜਲਵੇੜੀ ਗਹਿਲਾ ਆਦਿ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਡਾ. ਪ੍ਰੀਤੀ ਯਾਦਵ ਮਾਤਾ ਖੀਵੀ ਬਿਰਧ ਘਰ ਵਿਖੇ ਬਜ਼ੁਰਗਾਂ ਨਾਲ ਮਨਾਈ ਦਿਵਾਲੀ

## ਬਜ਼ੁਰਗਾਂ ਨੂੰ ਦਿੱਤੀ ਦਿਵਾਲੀ ਦੀ ਵਧਾਈ, ਕਿਹਾ, ਪ੍ਰਸ਼ਾਸਨ ਹਰ ਸਮੇਂ ਬਜ਼ੁਰਗਾਂ ਦੀ ਸਹਾਇਤਾ ਲਈ ਤਤਪਰ





**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ, 29 ਅਕਤੂਬਰ**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦਿਵਾਲੀ ਦੀ ਖੁਸ਼ੀ ਮਨਾਉਣ ਲਈ ਇੱਥੇ ਮੈਣ-ਸੂਲਰ ਰੋਡ 'ਤੇ ਸਥਿਤ ਮਾਤਾ ਖੀਵੀ ਬਿਰਧ ਘਰ ਵਿਖੇ ਪੁੱਜੇ। ਇਸ ਮੌਕੇ ਉਨ੍ਹਾਂ ਨੇ ਬਜ਼ੁਰਗਾਂ ਨੂੰ ਮਠਿਆਈ ਵੰਡੀ ਅਤੇ ਦਿਵਾਲੀ ਦੀਆਂ ਮੁਬਾਰਕਾਂ ਦਿੰਦਿਆਂ ਮਾਤਾ ਖੀਵੀ ਬਿਰਧ ਘਰ ਵਿਖੇ ਰਹਿ ਰਹੇ ਬਜ਼ੁਰਗਾਂ ਨੂੰ ਇਕੱਲੇ-ਇਕੱਲੇ ਨੂੰ ਮਿਲਦਿਆਂ ਉਨ੍ਹਾਂ ਦਾ ਹਾਲ-ਚਾਲ ਜਾਣਿਆ ਅਤੇ ਭਰੋਸਾ ਦਿੱਤਾ ਕਿ ਜਦੋਂ ਵੀ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਪ੍ਰਸ਼ਾਸਨਿਕ ਸਹਾਇਤਾ ਦੀ ਲੋੜ ਹੋਵੇ ਤਾਂ ਉਹ ਬੇਝਿਜਕ ਉਨ੍ਹਾਂ ਨੂੰ ਮਿਲ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਅਤੇ ਸਮੁੱਚਾ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਨਾਗਰਿਕਾਂ ਅਤੇ ਖਾਸ ਕਰਕੇ ਬਜ਼ੁਰਗਾਂ ਦੀ ਸਹਾਇਤਾ ਲਈ ਹਰ ਸਮੇਂ ਤਤਪਰ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਕੋਈ ਦਿੱਕਤ ਜਾਂ ਪ੍ਰੇਸ਼ਾਨੀ ਹੈ ਤਾਂ ਉਹ ਉਨ੍ਹਾਂ ਨਾਲ ਸਿੱਧੇ ਤੌਰ 'ਤੇ ਸੰਪਰਕ ਕਰ ਸਕਦਾ ਹੈ।

ਡਾ. ਪ੍ਰੀਤੀ ਯਾਦਵ ਨੇ ਪਰਮਾਤਮਾ ਕੋਲ ਅਰਦਾਸ ਕੀਤੀ ਕਿ ਸਾਰੇ ਬਜ਼ੁਰਗ ਤੰਦਰੁਸਤ ਰਹਿਣ, ਦਿਵਾਲੀ ਖੁਸ਼ੀਆਂ ਭਰੀ ਹੋਵੇ ਅਤੇ ਆਉਣ ਵਾਲਾ ਸਾਲ ਉਨ੍ਹਾਂ ਲਈ ਖੁਸ਼ੀਆਂ ਭਰਿਆ ਆਵੇ। ਬਜ਼ੁਰਗਾਂ ਨੇ ਵੀ ਡਿਪਟੀ ਕਮਿਸ਼ਨਰ ਨੂੰ ਅਸ਼ੀਰਵਾਦ ਦਿੰਦਿਆਂ ਉਨ੍ਹਾਂ ਦੀ ਖੁਸ਼ੀ ਤੇ ਤਰੱਕੀ ਦੀ ਕਾਮਨਾ ਕੀਤੀ। ਡਿਪਟੀ ਕਮਿਸ਼ਨਰ ਨੇ ਬਜ਼ੁਰਗਾਂ ਲਈ ਗਰਮ ਕੱਪੜੇ ਤੇ ਲੋਈਆਂ, ਸ਼ਾਲ ਤੇ ਹੋਰ ਲੋੜੀਂਦੀਆਂ ਵਸਤਾਂ ਵੀ ਬਿਰਧ ਘਰ ਨੂੰ ਪ੍ਰਦਾਨ ਕੀਤੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ, ਮਾਤਾ ਖੀਵੀ ਬਿਰਧ ਘਰ ਦੇ ਮੈਨੇਜਰ ਗੁਰਬਖ਼ਸ਼ ਸਿੰਘ, ਕੇਅਰ ਟੇਕਰ ਰਵਿੰਦਰ ਸਿੰਘ ਵੀ ਮੌਜੂਦ ਸਨ।

# ਸੁਰਭੀ ਮਿੱਤਲ ਅਤੇ ਪੁਨੀਤ ਭਾਟੀਆ ਨੇ ਆਪਣੇ ਦੀਵਾਲੀ ਲੁੱਕ ਦੇ ਨਾਲ ਦਰਸ਼ਕਾਂ ਦੇ ਦਿਲਾਂ ਵਿੱਚ ਬਣਾਈ ਆਪਣੀ ਖਾਸ ਜਗ੍ਹਾ!

ਜਿਵੇਂ ਹੀ ਦੀਵਾਲੀ ਦੇ ਤਿਉਹਾਰ ਘਰਾਂ ਨੂੰ ਰੌਸ਼ਨ ਕਰਦੇ ਹਨ, ਜ਼ੀ ਪੰਜਾਬੀ ਦੇ ਸਿਤਾਰੇ ਆਪਣੇ ਸ਼ਾਨਦਾਰ ਸੱਭਿਆਚਾਰ ਫੈਸ਼ਨ ਸਟੇਟਮੈਂਟਾਂ ਨਾਲ ਰੌਸ਼ਨ ਕਰਦੇ ਹਨ। ÷ਸ਼ਿਵਿਕਾ-ਸਾਥ ਯੁਗਾਂ ਯੁਗਾਂ ਦਾ÷ ਦੇ ਪ੍ਰਮੁੱਖ ਚਿਹਰੇ, ਸੁਰਭੀ ਮਿੱਤਲ ਅਤੇ ਪੁਨੀਤ ਭਾਟੀਆ, ਨੇ ਇਸ ਸੀਜ਼ਨ ਲਈ ਮੁੱਖ ਸ਼ੈਲੀ ਦੇ ਟੀਚੇ ਤੈਅ ਕਰਦੇ ਹੋਏ, ਆਪਣੇ ਤਿਉਹਾਰੀ ਦਿੱਖ ਸਾਂਝਾ ਕੀਤੀ ਹੈ।

ਸ਼ਿਵਿਕਾ ਦੀ ਭੂਮਿਕਾ ਨਿਭਾਉਣ ਵਾਲੀ ਸੁਰਭੀ ਮਿੱਤਲ ਨੇ ਆਪਣੇ ਸ਼ਾਨਦਾਰ ਰਵਾਇਤੀ ਪਹਿਰਾਵੇ ਨਾਲ ਪ੍ਰਸ਼ੰਸਕਾਂ ਨੂੰ ਮੰਤਰਮੁਗਧ ਕੀਤਾ। ਲਾਲ ਲਹਿੰਗੇ ਵਿੱਚ ਸੁਰਭੀ ਮਿੱਤਲ ਨੇ ਦਰਸ਼ਕਾਂ ਦਾ ਧੀਆਂ ਆਪਣੀ ਤਰਫ ਆਕਰਸ਼ਿਤ ਕੀਤਾ ਹੈ। ਆਪਣੇ ਉਤਸ਼ਾਹ ਨੂੰ ਸਾਂਝਾ ਕਰਦੇ ਹੋਏ, ਸੁਰਭੀ ਨੇ ਕਿਹਾ, "ਦੀਵਾਲੀ ਪਿਆਰ, ਰੌਸ਼ਨੀ ਅਤੇ ਪਰੰਪਰਾਵਾਂ ਨੂੰ ਮਨਾਉਣ ਬਾਰੇ ਹੈ। ਸੱਭਿਆਚਾਰਿਕ ਪਹਿਰਾਵੇ ਪਹਿਨਣ ਨਾਲ ਮੈਂ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਮਹਿਸੂਸ ਕਰਦਾ ਹਾਂ, ਅਤੇ ਮੈਂ ਉਮੀਦ ਕਰਦੀ ਹਾਂ ਕਿ ਮੇਰੇ ਪ੍ਰਸ਼ੰਸਕ ਮੇਰੀਆਂ ਤਸਵੀਰਾਂ ਰਾਹੀਂ ਤਿਉਹਾਰ ਦਾ ਜਸ਼ਨ ਮਹਿਸੂਸ ਕਰਨਗੇ।÷

ਇਸ਼ਾਨ ਵਜੋਂ ਜਾਣੇ ਜਾਂਦੇ ਪੁਨੀਤ ਭਾਟੀਆ ਨੇ ਵੀ ਰੀਗਲ ਕੁੜਤਾ-ਪਜਾਮਾ ਪਹਿਨ ਕੇ ਤਿਉਹਾਰੀ ਸੀਜ਼ਨ ਨੂੰ ਸ਼ੈਲੀ ਵਿੱਚ ਅਪਣਾਇਆ। ਜਸ਼ਨਾਂ 'ਤੇ ਪ੍ਰਤੀਬਿੰਬਤ ਕਰਦੇ ਹੋਏ, ਪੁਨੀਤ ਨੇ ਕਿਹਾ, ÷ਦੀਵਾਲੀ ਵਰਗੇ ਤਿਉਹਾਰ ਸਾਨੂੰ ਪਰਿਵਾਰ, ਖੁਸ਼ੀ ਅਤੇ ਏਕਤਾ ਦੇ ਮਹੱਤਵ ਦੀ ਯਾਦ ਦਿਵਾਉਂਦੇ ਹਨ। ਸੱਭਿਆਚਾਰਕ ਪਹਿਰਾਵੇ ਇਹਨਾਂ ਪਲਾਂ ਵਿੱਚ ਇੱਕ ਵਿਸ਼ੇਸ਼ ਸੁਹਜ ਜੋੜਦੇ ਹਨ, ਅਤੇ ਮੈਨੂੰ ਇਹ ਝਲਕ ਆਪਣੇ ਦਰਸ਼ਕਾਂ ਨਾਲ ਸਾਂਝਾ ਕਰਨਾ ਪਸੰਦ ਹੈ।



ਸ਼ਿਵਿਕਾ-ਸਾਥ ਯੁਗਾਂ ਯੁਗਾਂ ਦੇ ਸਿਤਾਰਿਆਂ ਨੇ ਆਪਣੇ ਪ੍ਰਦਰਸ਼ਨ ਨਾਲ ਦਰਸ਼ਕਾਂ ਦੇ ਦਿਲਾਂ ਨੂੰ ਮੋਹ ਲਿਆ ਹੈ ਅਤੇ ਤਿਉਹਾਰਾਂ ਦੇ ਫੈਸ਼ਨ ਵਿਚਾਰਾਂ ਨਾਲ ਆਪਣੇ ਪ੍ਰਸ਼ੰਸਕਾਂ ਨੂੰ ਪ੍ਰੇਰਿਤ ਕਰ ਰਹੇ ਹਨ।

ਆਪਣੇ ਮਨਪਸੰਦ ਕਿਰਦਾਰ ਸੁਰਭੀ ਮਿੱਤਲ ਨੂੰ ÷ਸ਼ਿਵਿਕਾ÷ ਦੇ ਰੂਪ ਵਿੱਚ ਅਤੇ ਪੁਨੀਤ ਭਾਟੀਆ ਨੂੰ ÷ਇਸ਼ਾਨ÷ ਦੇ ਰੂਪ ਵਿੱਚ ÷ਸ਼ਿਵਿਕਾ-ਸਾਥ ਯੁਗਾਂ ਯੁਗਾਂ ਦਾ ਹਰ ਸੋਮਵਾਰ-ਸ਼ਨੀਵਾਰ ਰਾਤ 8:00 ਵਜੇ ਸਿਰਫ ਜ਼ੀ ਪੰਜਾਬੀ 'ਤੇ ਦੇਖੋ।

*-ਹਰਜਿੰਦਰ ਸਿੰਘ

# ਡੀ.ਏ.ਵੀ ਕਕਰਾਲਾ ਵਿੱਚ ਧੂਮਧਾਮ ਨਾਲ ਮਨਾਈ ਦਿਵਾਲੀ



**ਆਜ਼ਾਦ ਸੋਚ**
**ਸੰਜੇ ਬਾਂਸਲ/ਰਾਜਿੰਦਰ ਫ਼ਤਿਹਪੁਰ**
**ਸਮਾਣਾ, 29 ਅਕਤੂਬਰ**

=========================

ਡੀ.ਏ.ਵੀ ਪਬਲਿਕ ਸਕੂਲ, ਕਕਰਾਲਾ ਵਿੱਖੇ ਦਿਵਾਲੀ ਮਹੋਤਸਵ ਦਾ ਆਯੋਜਨ ਬਹੁਤ ਖੁਸ਼ੀ ਅਤੇ ਉਤਸ਼ਾਹ ਨਾਲ ਕੀਤਾ ਗਿਆ । ਸਕੂਲ ਮੁੱਖੀ ਦੇ ਨਿਰਦੇਸ਼ਾਂ ਅਨੁਸਾਰ ਸਰਦਾਰ ਭਗਤ ਸਿੰਘ ਹਾਊਸ ਦੇ ਇੰਚਾਰਜ ਸ੍ਰੀ ਕਰਮ ਸਿੰਘ ਨੇ ਹੋਰ ਸਟਾਫ ਦੀ ਮਦਦ ਨਾਲ ਸਕੂਲ ਵਿੱਚ ਕਈ ਗਤਿਵਿਧੀਆਂ ਅਤੇ ਮੁਕਾਬਲੇ ਕਰਵਾਏ । ਇਨ੍ਹਾਂ ਗਤਿਵਿਧੀਆਂ ਵਿੱਚ ਰੰਗੋਲੀ, ਵਾਲ ਹੈਂਗਿੰਗ ਬਣਾਉਣ, ਦੀਏ ਸਜਾਉਣ, ਮੋਮਬੱਤੀਆਂ ਸਜਾਉਣ, ਅਤੇ ਥਾਲੀ ਸਜਾਵਟ ਆਦਿ ਸ਼ਾਮਲ ਸਨ ।ਸਵੇਰ ਦੀ ਪ੍ਰਾਥਨਾ ਸਭਾ ਦੌਰਾਨ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਧਨਤੇਰਸ, ਦਿਵਾਲੀ, ਵਿਸ਼ਵਕਰਮਾ ਦਿਵਸ, ਗੋਵਰਧਨ ਪੂਜਾ ਅਤੇ ਭਾਈ ਦੂਜ ਵਰਗੇ ਤਿਉਹਾਰਾਂ ਦੇ ਮਹੱਤਵ ਬਾਰੇ ਭਾਸ਼ਣ ਦਿੱਤਾ ।ਵਿਦਿਆਰਥੀਆਂ ਨੇ ਕਵਿਤਾ ਪਾਠ ਅਤੇ ਗੀਤਾਂ ਰਾਹੀਂ ਇਨ੍ਹਾਂ ਤਿਉਹਾਰਾਂ ਦੀਆਂ ਖੁਸ਼ੀਆਂ ਦਾ ਪ੍ਰਗਟਾਵਾ ਕੀਤਾ, ਜਿਸ ਨਾਲ ਸਾਰੇ ਮਾਹੌਲ ਵਿੱਚ ਉਤਸ਼ਾਹ ਅਤੇ ਜੋਸ਼ ਦਾ ਮਾਹੌਲ ਬਣਿਆ ।ਸਕੂਲ ਮੁੱਖੀ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਦਿਵਾਲੀ ਦੀਆਂ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਸਾਫ-ਸੁਥਰੀ ਅਤੇ ਹਰੀ-ਭਰੀ ਦਿਵਾਲੀ ਮਨਾਉਣ ਲਈ ਪ੍ਰੇਰਿਤ ਕੀਤਾ ।ਉਨ੍ਹਾਂ ਨੇ ਇਸ ਪ੍ਰੋਗ੍ਰਾਮ ਨੂੰ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਵੀ ਕੀਤਾ ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਾਦਾ ਰਹਿਣੀ ਦੇ ਮਾਲਕ ਹਨ

ਨਵੀਂ ਦਿੱਲੀ, 29 ਅਕਤੂਬਰ (ਸੁਖਰਾਜ ਸਿੰਘ): ਸ਼੍ਰੋਮਣੀ ਕਮੇਟੀ ਦੇ ਲਗਾਤਾਰ ਚੌਥੀ ਵਾਰ ਪ੍ਰਧਾਨ ਚੁਣੇ ਗਏ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਾਦਾ ਰਹਿਣੀ ਅਤੇ ਠਰੰਮੇ ਵਾਲੀ ਸ਼ਖ਼ਸੀਅਤ ਹਨ।ਉਹ ਪਿਛਲੇ ਲੰਮੇ ਸਮੇਂ ਤੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨਾਲ ਜੁੜੇ ਹੋਏ ਹਨ।1956 ਵਿਚ ਜਨਮੇ ਐਡਵੋਕੇਟ ਹਰਜਿੰਦਰ ਸਿੰਘ ਬੀਏ, ਐਲ.ਐਲ.ਬੀ ਪਾਸ ਹਨ ਅਤੇ ਚਾਰ ਦਹਾਕਿਆਂ ਤੋਂ ਵਕਾਲਤ ਕਰ ਰਹੇ ਹਨ। ਉਹ 1996 ਵਿਚ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣੇ ਅਤੇ ਉਦੋਂ ਤੋਂ ਹੁਣ ਤੱਕ ਲਗਾਤਾਰ ਮੈਂਬਰ ਬਣਦੇ ਰਹੇ। ਉਹ ਧਰਮ ਪ੍ਰਚਾਰ ਦੇ ਮੈਂਬਰ ਵੀ ਰਹੇ ਅਤੇ ਅੰਤ੍ਰਿੰਗ ਮੈਂਬਰ ਵੀ ਬਣੇ। ਐਡਵੋਕੇਟ ਧਾਮੀ 2019 ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਚੁਣੇ ਗਏ, ਜਿਸ ਮਗਰੋਂ 2020 ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੇ ਪ੍ਰਬੰਧਕੀ ਅਹੁਦੇ 'ਤੇ ਸੇਵਾ ਨਿਭਾਈ। ਐਡਵੋਕੇਟ ਧਾਮੀ ਨਵੰਬਰ 2021 ਵਿਚ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਅਤੇ ਹੁਣ ਇਸ ਅਹੁਦੇ ਉੱਤੇ ਲਗਾਤਾਰ ਚੌਥੀ ਵਾਰ ਚੁਣੇ ਗਏ ਹਨ। ਉਹ ਸਿੱਖ ਸਰੋਕਾਰਾਂ ਦੀ ਡੂੰਘੀ ਪਕੜ ਰੱਖਦੇ ਹਨ ਅਤੇ ਇਕ ਇਮਾਨਦਾਰ ਆਗੂ ਵਜੋਂ ਜਾਣੇ ਜਾਂਦੇ ਹਨ। ਉਹ ਸਿੱਖ ਸੰਘਰਸ਼ ਦੇ ਯੋਧਿਆਂ ਦੇ ਕੇਸਾਂ ਦੀ ਪੈਰਵਾਈ ਵੀ ਕਰਦੇ ਰਹੇ ਹਨ।ਐਡਵੋਕੇਟ ਧਾਮੀ ਦੇ ਕਾਰਜਕਾਲ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਸ਼ਾਸਕੀ ਸੇਵਾਵਾਂ ਵਿਚ ਸਿੱਖ ਨੌਜੁਆਨਾਂ ਦੀ ਸ਼ਮੂਲੀਅਤ ਲਈ ਕੋਚਿੰਗ ਸੈਂਟਰ ਸਥਾਪਤ ਕਰਨਾ, ਗੁਰਦੁਆਰਾ ਸਾਹਿਬਾਨ ਅੰਦਰ ਸਿਰੋਪਾਓ ਦੀ ਵਰਤੋਂ ਨੂੰ ਸੀਮਤ ਕਰਨਾ ਅਤੇ ਆਈਆਂ ਸ਼ਤਾਬਦੀਆਂ ਨੂੰ ਖਾਲਸਾਈ ਜਾਹੋ-ਜਲਾਲ ਨਾਲ ਮਨਾਉਣਾ ਅਹਿਮ ਕਾਰਜ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਅਗਵਾਈ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਜ਼ੋਰਦਾਰ ਅਵਾਜ਼ ਉਠਾਈ ਗਈ।



# ਬੰਦੀਛੋੜ ਦਿਵਸ ਮੌਕੇ 1 ਨਵੰਬਰ ਨੂੰ ਕੇਵਲ ਘਿਉ ਦੇ ਦੀਵਿਆਂ ਦੀ ਦੀਪਮਾਲਾ ਕੀਤੀ ਜਾਵੇ: ਗਿਆਨੀ ਰਘਬੀਰ ਸਿੰਘ

ਨਵੀਂ ਦਿੱਲੀ, 29 ਅਕਤੂਬਰ (ਸੁਖਰਾਜ ਸਿੰਘ): ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਕ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ 40 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਸਿੱਖ ਕੌਮ ਨੂੰ ਆਦੇਸ਼ ਕੀਤਾ ਹੈ ਕਿ ਇਕ ਨਵੰਬਰ ਨੂੰ ਬੰਦੀਛੋੜ ਦਿਵਸ ਮੌਕੇ ਬੰਦੀਛੋੜ ਦਾਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿਚ ਕੇਵਲ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਬਿਜਲਈ ਸਜਾਵਟਾਂ ਨਾ ਕੀਤੀਆਂ ਜਾਣ।ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਤੋਂ ਜਾਰੀ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ 1 ਨਵੰਬਰ 1984 ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ 110 ਸ਼ਹਿਰਾਂ ਵਿਚ ਇਕ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਕਾਂਗਰਸ ਹਕੂਮਤ ਦੀ ਸਰਪ੍ਰਸਤੀ ਹੇਠ ਸਿੱਖਾਂ ਦਾ ਬੇਰਹਿਮੀ ਦੇ ਨਾਲ ਕਤਲੇਆਮ ਕੀਤਾ ਗਿਆ ਸੀ, ਜੋ ਸਿੱਖ ਨਸਲਕੁਸ਼ੀ ਸੀ। ਉਨ੍ਹਾਂ ਕਿਹਾ ਕਿ 1 ਨਵੰਬਰ 2024 ਨੂੰ ਸਿੱਖ ਨਸਲਕੁਸ਼ੀ ਦੇ 40 ਵਰ੍ਹੇ ਹੋਣ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਿਛਲੇ 40 ਸਾਲਾਂ ਦੌਰਾਨ ਸਿੱਖਾਂ ਨੇ ਭਾਰਤੀ ਹਕੂਮਤ ਦੀ ਸਰਪ੍ਰਸਤੀ ਹੇਠ ਹੋਏ ਆਪਣੇ ਨਰਸੰਹਾਰ ਦੇ ਬਹੁਪੱਖੀ ਪ੍ਰਭਾਵਾਂ ਵਿਚੋਂ ਉਭਰਦਿਆਂ ਆਪਣੇ ਕੌਮੀ ਬਿਰਤਾਂਤ ਨੂੰ ਮੁੜ ਸਥਾਪਿਤ ਕਰਨ ਲਈ ਜਿਹੜਾ ਸੰਘਰਸ਼ਸ਼ੀਲ ਪੈਂਡਾ ਤਹਿ ਕੀਤਾ ਹੈ, ਉਹ ਵੀ ਅਦੁੱਤੀ ਅਤੇ ਲਾ-ਮਿਸਾਲ ਹੈ। ਉਨ੍ਹਾਂ ਕਿਹਾ ਕਿ ਨਵੰਬਰ 1984 ਇਕ ਐਸਾ ਨਾਸੂਰ ਹੈ ਜੋ ਰਹਿੰਦੀ ਦੁਨੀਆ ਤੱਕ ਸਿੱਖ ਮਾਨਸਿਕਤਾ ਵਿਚ ਤਾਜ਼ਾ ਰਹੇਗਾ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਆਮਦ ਦੀ ਯਾਦ ਵਿਚ ਬੰਦੀਛੋੜ ਦਿਵਸ ਵੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਸ ਵਾਰ ਬੰਦੀਛੋੜ ਦਿਵਸ ਮੌਕੇ ਸਿਰਫ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੀ ਬਿਜਲਈ ਸਜਾਵਟ ਕੀਤੀ ਜਾਵੇਗੀ।ਇਸ ਤੋਂ ਇਲਾਵਾ ਵਿਸ਼ਵ ਭਰ ਵਿਚ ਵੱਸਦੀਆਂ ਸਿੱਖ ਸੰਗਤਾਂ ਵਲੋਂ ਇਕ ਨਵੰਬਰ ਵਾਲੇ ਦਿਨ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਾਵਨ ਯਾਦ ਵਿਚ ਬੰਦੀਛੋੜ ਦਿਵਸ ਮਨਾਉਂਦਿਆਂ ਗੁਰਦੁਆਰਾ ਸਾਹਿਬਾਨ ਅਤੇ ਘਰਾਂ ਵਿਚ ਸਿਰਫ ਘਿਓ ਦੇ ਦੀਵਿਆਂ ਦੀ ਹੀ ਦੀਪਮਾਲਾ ਕੀਤੀ ਜਾਵੇ ਅਤੇ ਕਿਸੇ ਤਰ੍ਹਾਂ ਦੀ ਬਿਜਲਈ ਸਜਾਵਟ ਨਾ ਕੀਤੀ ਜਾਵੇ।



# ਕੁਲਵੰਤ ਸਿੰਘ ਮੰਨਣ ਬਣੇ ਸ਼੍ਰੋਮਣੀ ਕਮੇਟੀ ਦੇ ਆਨਰੇਰੀ ਮੁੱਖ ਸਕੱਤਰ

ਨਵੀਂ ਦਿੱਲੀ, 29 ਅਕਤੂਬਰ (ਸੁਖਰਾਜ ਸਿੰਘ): ਜਨਰਲ ਇਜਲਾਸ ਦੌਰਾਨ ਜਲੰਧਰ ਨਾਲ ਸਬੰਧਤ ਸ. ਕੁਲਵੰਤ ਸਿੰਘ ਮੰਨਣ ਨੂੰ ਸ਼੍ਰੋਮਣੀ ਕਮੇਟੀ ਦੇ ਆਨਰੇਰੀ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ। ਉਹ 2004 ਤੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਨ ਅਤੇ ਅੰਤ੍ਰਿੰਗ ਕਮੇਟੀ ਦੇ ਮੈਂਬਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। 1960 ਵਿਚ ਸ. ਮਹਿੰਦਰ ਸਿੰਘ ਅਤੇ ਮਾਤਾ ਮਹਿੰਦਰ ਕੌਰ ਦੇ ਗ੍ਰਹਿ ਵਿਖੇ ਜਨਮੇ ਸ. ਕੁਲਵੰਤ ਸਿੰਘ ਮੰਨਣ ਧਰਮ ਪ੍ਰਚਾਰ ਲਈ ਹਮੇਸ਼ਾ ਕਾਰਜਸ਼ੀਲ ਰਹੇ ਅਤੇ ਜਲੰਧਰ ਦੀਆਂ ਸਭਾ-ਸੁਸਾਇਟੀਆਂ ਨਾਲ ਮਿਲ ਕੇ ਹਰ ਸਾਲ ਗੁਰਮਤਿ ਸਮਾਗਮ ਕਰਵਾਉਂਦੇ ਆ ਰਹੇ ਹਨ। ਆਨਰੇਰੀ ਮੁੱਖ ਸਕੱਤਰ ਚੁਣੇ ਜਾਣ ਬਾਅਦ ਉਨ੍ਹਾਂ ਗੁਰੂ ਸਾਹਿਬ ਦਾ ਸ਼ੁਕਰਾਨਾ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਸਮੁੱਚੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਬੇਹੱਦ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਸਿੱਖ ਸੰਸਥਾ ਦੀਆਂ ਰਵਾਇਤਾਂ ਦੀ ਰੌਸ਼ਨੀ ਵਿਚ ਸੇਵਾ ਨਿਭਾਉਣ ਦੀ ਕੋਸ਼ਿਸ਼ ਕਰਨਗੇ।



# ਗੁਰਸ਼ਰਨ ਰੰਧਾਵਾ ਨੇ ਪ੍ਰਤਾਪ ਸਿੰਘ ਬਾਜਵਾ ਨਾਲ ਕੀਤੀ ਜ਼ਿਮਨੀ ਚੋਣਾਂ ਸਬੰਧੀ ਚਰਚਾ

## ਕਾਂਗਰਸ ਦੀ ਜਿੱਤ ਯਕੀਨੀ ਬਣਾਉਣ ਲਈ ਲੱਗੀਆਂ ਡਿਊਟੀਆਂ

**ਆਜ਼ਾਦ ਸੋਚ**
**ਰਾਜਿੰਦਰ ਫ਼ਤਿਹਪੁਰ/ਸੰਜੇ ਬਾਂਸਲ**
**ਸਮਾਣਾ, 29 ਅਕਤੂਬਰ**

=========================

ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਅੱਜ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਪੰਜਾਬ ਮਹਿਲਾ ਕਾਂਗਰਸ ਨੂੰ ਵਧੇਰੇ ਮਜਬੂਤ ਕਰਨ ਲਈ ਕਈ ਵਿਸ਼ਿਆਂ ਤੇ ਚਰਚਾ ਕੀਤੀ। ਇਸ ਮੌਕੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਪੰਜਾਬ ਮਹਿਲਾ ਕਾਂਗਰਸ ਬੜੀ ਮਜਬੂਤੀ ਨਾਲ ਕੰਮ ਕਰ ਰਹੀ ਹੈ ਹੈ ਜਿਸ ਦੀ ਬਦੌਲਤ ਮਹਿਲਾ ਕਾਂਗਰਸ ਅੱਜ ਪੰਜਾਬ ਕਾਂਗਰਸ ਦਾ ਸਭ ਤੋਂ ਅਹਿਮ ਸੰਗਠਨ ਬਣ ਚੁੱਕਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਮਹਿਲਾਵਾਂ ਨੂੰ ਕਾਂਗਰਸ ਨਾਲ ਜੋੜਨ ਲਈ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਚੁੱਕੇ ਗਏ ਕਦਮ ਸਲਾਘਾਯੋਗ ਹਨ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਮਜਬੂਤੀ ਨਾਲ ਕੰਮ ਕਰਨ ਵਾਲੀਆਂ ਮਹਿਲਾਵਾਂ ਦਾ ਨਾਮ ਪੰਚਾਇਤੀ, ਸਥਾਨਕ ਸ਼ਹਿਰੀ ਚੋਣਾਂ ਤੇ ਵਿਧਾਨ ਸਭਾ ਚੋਣਾਂ ਵਿੱਚ ਟਿੱਕਟਾਂ ਲਈ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ ਅਤੇ ਜਿੱਤਣ ਦੀ ਸਮਰਥਾ ਰੱਖਣ ਵਾਲਆ ਮਜਬੂਤ ਮਹਿਲਾ ਕਾਂਗਰਸ ਆਗੂਆਂ ਨੂੰ ਟਿੱਕਟ ਦਿੱਤੇ ਜ਼ਰੂਰ ਜਾਣਗੇ।

ਇਸ ਮੌਕੇ ਗੁਰਸ਼ਰਨ ਕੌਰ ਰੰਧਾਵਾ ਨੇ ਦੱਸਿਆ ਕਿ ਉਨ੍ਹਾਂ ਨੇ ਬਾਜਵਾ ਸਾਹਿਬ ਦੀ ਸਲਾਹ ਨਾਲ ਜ਼ਿਮਨੀ ਚੋਣਾਂ ਵਿੱਚ ਕੰਮ ਕਰਨ ਲਈ ਜਿੰਮੇਵਾਰੀ ਨਿਭਾਉਣ ਵਾਲੀਆਂ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਹਨ ਜਿਸਦੀ ਲਿਸਟ ਕੱਲ ਤੱਕ ਜਾਰੀ ਕਰ ਦਿੱਤੀ ਜਾਏਗੀ।

ਇਸ ਮੌਕੇ ਗੁਰਕੀਰਤ ਸਿੰਘ ਕੋਟਲੀ, ਹਰਦਿਆਲ ਸਿੰਘ ਕੰਬੋਜ ਤੇ ਲਖਵੀਰ ਸਿੰਘ ਲੱਖਾ ( ਸਾਰੇ ਵਿਧਾਇਕ) ਵੀ ਮੌਜੂਦ ਸਨ ਜਿਨ੍ਹਾਂ ਨੇ ਬਰਨਾਲਾ ਤੋਂ ਕਾਲਾ ਢਿੱਲੋਂ, ਅੰਮ੍ਰਿਤਾ ਵੜਿੰਗ ਗਿੱਦਰਬਾਹਾ , ਡੇਰਾ ਬਾਬਾ ਨਾਨਕ ਤੋਂ ਜਤਿੰਦਰ ਕੌਰ ਰੰਧਾਵਾ ਤੇ ਹੁਸ਼ਿਆਰਪੁਰ ਸਮੇਤ ਸਾਰੀਆਂ ਸੀਟਾਂ ਜਿੱਤਣ ਦਾ ਦਾਅਵਾ ਕੀਤੀ।ਮੌਕੇ ਤੇ ਮੌਜੂਦ ਮਨਵਿੰਦਰ ਸਿੰਘ ਪੱਖੋ, ਕਿਰਨ ਗਰੇਵਾਲ, ਸੰਤੋਸ਼ ਸਵੱਦੀ ਤੇ ਸਿਮਰਤ ਧਾਲੀਵਾਲ ਨੇ ਵੀ ਬਾਜਵਾ ਨੂੰ ਸਰਗਰਮੀ ਨਾਲ ਕੰਮ ਕਰਨ ਦਾ ਭਰੋਸਾ ਦਿੱਤਾ।



# ਪਾਵਰ ਗਰਿੱਡ ਮਲੇਰਕੋਟਲਾ ਵੱਲੋਂ ਵਿਜੀਲੈਂਸ ਜਾਗਰੂਕਤਾ ਸਪਤਾਹ-2024 ਤਹਿਤ ਵਾਕਾਥੌਨ ਦਾ ਆਯੋਜਨ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ**
**ਮਲੇਰਕੋਟਲਾ, 29 ਅਕਤੂਬਰ**

=========================

ਪਾਵਰ ਗਰਿੱਡ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ (ਪਾਵਰ ਗਰਿੱਡ) ਮਲੇਰਕੋਟਲਾ ਵੱਲੋਂ ਭੋਗੀਵਾਲ ਸਕੂਲ ਦੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਵਿਜੀਲੈਂਸ ਜਾਗਰੂਕਤਾ ਸਪਤਾਹ-2024 ਤਹਿਤ ਪਿੰਡਾਂ ਵਿੱਚ ਰਹਿੰਦੇ ਲੋਕਾਂ ਭ੍ਰਿਸ਼ਟਾਚਾਰ ਵਿਰੋਧ ਜਾਗਰੂਕਤਾ ਪੈਦਾ ਕਰਨ ÷ਰਾਸ਼ਟਰ ਦੀ ਖੁਸ਼ਹਾਲੀ ਲਈ ਅਖੰਡਤਾ ਦਾ ਸੱਭਿਆਚਾਰ÷ ਦੇ ਸਲੋਗਨ ਤਹਿਤ ਵਾਕਾਥੌਨ ਦਾ ਆਯੋਜਨ ਕੀਤਾ ਗਿਆ। ਵਾਕਾਥੌਨ ਸਕੂਲ ਦੇ ਵਿਦਿਆਰਥੀਆਂ ਸਮੇਤ ਅਧਿਆਪਕਾਂ,ਪਾਵਰਗਰਿੱਡ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੇ ਹਿੱਸਾ ਲਿਆ। ਵਾਕਾਥੌਨ ਵਿੱਚ ਮੈਨੇਜਰ ਗਗਨਦੀਪ ਸਿੰਘ ਅਤੇ ਸਹਾਇਕ ਮੈਨੇਜਰ ਰਵਿੰਦਰ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ, ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ।ਇਸ ਮੌਕੇ ਪਾਵਰ ਗਰਿੱਡ ਮਲੇਰਕੋਟਲਾ ਦੇ ਡਿਪਟੀ ਜਨਰਲ ਮੈਨੇਜਰ ਇੰਜ. ਮਨਵਿੰਦਰ ਪਾਲ ਸਿੰਘ ਨੇ ਵਾਕਾਥੌਨ ਆਯੋਜਨ ਕਰਨ ਦਾ ਮੁੱਖ ਮਕਸਦ ਲੋਕਾਂ ਵਿੱਚ ਰਿਸਵਤਖੋਰੀ,ਭ੍ਰਿਸਟਾਚਾਰ ਵਿਰੁੱਧ ਜਾਗਰੂਕਤਾ ਪੈਦਾ ਕਰਨ ਹੈ ਤਾਂ ਜੋ ਰਿਸਵਤਖੋਰੀ, ਭ੍ਰਿਸਟਾਚਾਰ ਨੂੰ ਠੱਲ ਪਾਈ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਕਦੇ ਵੀ ਭ੍ਰਿਸ਼ਟਾਚਾਰ ਹੁੰਦਿਆਂ ਦੇਖ ਕੇ ਚੁੱਪ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਜੋ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟ ਕੇ ਆਦਰਸ਼ ਸਮਾਜ ਦੇ ਦੇਸ਼ ਦਾ ਸਿਰਜਨ ਕੀਤਾ ਜਾ ਸਕੇ। ਉਨ੍ਹਾਂ ਪਾਵਰ ਗਰਿੱਡ ਦੇ ਅਧਿਕਾਰੀਆਂ, ਮੁਲਾਜਮਾਂ, ਸਕੂਲੀ ਵਿਦਿਆਰਥੀਆਂ ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਜੇਕਰ ਉਸ ਨੂੰ ਭ੍ਰਿਸ਼ਟਾਚਾਰ ਦੀ ਕੋਈ ਭਨਕ ਲੱਗਦੀ ਹੈ ਜਾਂ ਕਿਤੇ ਸਰਕਾਰੀ ਪੈਸੇ ਦੀ ਦੁਰਵਰਤੋਂ ਹੁੰਦੀ ਹੈ ਤਾਂ ਉਸੇ ਵੇਲੇ ਹੀ ਵਿਜੀਲੈਂਸ ਬਿਊਰੋ ਵਿਭਾਗ ਨੂੰ ਸੂਚਿਤ ਕਰਨ।




# ਸੇਂਟ ਜੇਵਿਅਰਸ ਸਕੂਲ ਦੇ ਵਿਦਿਆਰਥੀਆਂ ਨੇ ਕੱਢੀ ਜਾਗਰੂਕਤਾ ਰੈਲੀ

**ਆਜ਼ਾਦ ਸੋਚ**
**ਰੂਪ ਚੰਦ ਲਵਲੀ**
**ਪਾਤੜਾਂ, 29 ਅਕਤੂਬਰ**

=========================

ਅੱਜ ਸੇਂਟ ਜੇਵਿਅਰਸ ਇੰਟਰਨੈਸ਼ਨਲ ਸਕੂਲ, ਅੱਤਾਲਾਂ ਦੇ ਬੱਚਿਆਂ ਵੱਲੋਂ ਪਾਤੜਾਂ ਵਿਖੇ ਰੈਲੀ ਕੱਢੀ ਗਈ। ਜਿਸ ਦਾ ਮਕਸਦ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਪ੍ਰਤੀ ਪ੍ਰੇਰਿਤ ਕਰਨਾ ਅਤੇ ਲੋਕਾਂ ਨੂੰ ਗਰੀਨ ਦੀਵਾਲੀ ਮਨਾਉਣ ਲਈ ਵੀ ਪ੍ਰੇਰਿਤ ਕਰਨਾ ਸੀ। ਇਸ ਰੈਲੀ ਦੌਰਾਨ ਬੱਚੇ ਅਤੇ ਅਧਿਆਪਕ ਸਾਹਿਬਾਨ ਐਸ. ਡੀ. ਐਮ ਪਾਤੜਾਂ, ਐਸ. ਐਚ. ਓ ਪਾਤੜਾਂ, ਡੀ .ਐਸ. ਪੀ ਪਾਤੜਾਂ, ਐਸ. ਐਚ . ਓ ਘੱਗਾ ਨੂੰ ਮਿਲੇ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਐਸ. ਡੀ. ਐਮ ਪਾਤੜਾਂ, ਐਸ. ਐਚ. ਓ ਪਾਤੜਾਂ, ਡੀ ਐਸ ਪੀ ਪਾਤੜਾਂ ਨੇ ਵੀ ਬੱਚਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜਨਤਾ ਨੂੰ ਦੀਵਾਲੀ ਤੇ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੀ ਵਰਤੋਂ ਨਾ ਕਰਕੇ ਗਰੀਨ ਦਿਵਾਲੀ ਮਨਾਉਣ ਦੀ ਅਪੀਲ ਕੀਤੀ ਅਤੇ ਬੱਚਿਆਂ ਦੀ ਇਸ ਵਧੀਆ ਸੋਚ ਲਈ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਕੂਲ ਪ੍ਰਿਸੀਪਲ ਅਰਨਬ ਸਰਕਾਰ ਨੇ ਇਸ ਮੌਕੇ ਤੇ ਬੱਚਿਆਂ ਦੀ ਪ੍ਰਸ਼ੰਸਾ ਕਰਦੇ ਹੋਏ ਬੱਚਿਆਂ ਅਤੇ ਉਹਨਾਂ ਮਾਪਿਆਂ ਨੂੰ ਅਤੇ ਸਾਰੇ ਪੰਜਾਬੀਆਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ। ਉਹਨਾਂ ਨੇ ਕਿਸਾਨਾਂ ਨੂੰ ਵੀ ਵਾਤਾਵਰਨ ਦੀ ਸੁਰੱਖਿਆ ਬਲ ਵੇਖਦੇ ਹੋਏ ਇਹ ਅਪੀਲ ਕੀਤੀ ਕਿ ਸਾਰੇ ਕਿਸਾਨ ਗਰੀਨ ਦਿਵਾਲੀ ਮਨਾਉਣ ਪਰਾਲੀ ਨੂੰ ਨਾ ਸਾੜਨ। ਉਹਨਾਂ ਨੇ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਕਿਸਾਨ ਵੀਰਾਂ ਦੀਆਂ ਮੁਸ਼ਕਿਲਾਂ ਵੱਲ ਵੀ ਧਿਆਨ ਦਿੱਤਾ ਜਾਵੇ ਅਤੇ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਕੋਈ ਹੱਲ ਲੱਭਿਆ ਜਾਵੇ ਤਾਂ ਜ਼ੋ ਦੇਸ਼ ਦੇ ਅੰਨਦਾਤਾ ਨੂੰ ਪਰਾਲੀ ਕਰਕੇ ਕੋਈ ਮੁਸ਼ਕਿਲ ਨੇ ਆਵੇ। ਬੱਚਿਆਂ ਦੇ ਇਸ ਉਪਰਾਲੇ ਲਈ ਸਕੂਲ ਮੈਨੇਜਮੈਂਟ ਅਰਨਬ ਸਰਕਾਰ, ਤਨੂਸ਼੍ਰੀ ਸਰਕਾਰ, ਬੰਦਨਾ ਸਰਕਾਰ, ਅਨਿੰਦਆ ਸਰਕਾਰ ਅਤੇ ਸਾਰੇ ਅਧਿਆਪਕ ਸਾਹਿਬਾਨਾਂ ਨੇ ਬੱਚਿਆਂ ਨੂੰ ਸ਼ਾਬਾਸ਼ੀ ਦਿੱਤੀ। ਬੱਚਿਆਂ ਦੀ ਇਸ ਤਰਾਂ ਦੀ ਵਧੀਆ ਸੋਚ ਦਾ ਸਿਹਰਾ ਸਕੂਲ ਦੀ ਮੈਨੇਜਮੈਂਟ ਅਤੇ ਅਧਿਆਪਕਾਂ ਨੂੰ ਜਾਂਦਾ ਹੈ ਜੋ ਬੱਚਿਆਂ ਵਿੱਚ ਇਸ ਤਰ੍ਹਾਂ ਦੀ ਸੁੰਦਰ ਸੋਚ ਦਾ ਵਿਕਾਸ ਕਰਦੇ ਹਨ।




# ਖਰੀਦੇ ਝੋਨੇ ਦੀ ਮੰਡੀਆਂ 'ਚੋਂ ਚੁਕਾਈ 'ਚ ਪਟਿਆਲਾ ਜ਼ਿਲ੍ਹਾ ਪੰਜਾਬ ਭਰ 'ਚ ਮੋਹਰੀ



**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ, 29 ਅਕਤੂਬਰ**

=========================

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਦੇ ਯਤਨਾਂ ਸਦਕਾ ਹੁਣ ਲਿਫਟਿੰਗ ਦੀ ਕੋਈ ਦਿਕਤ ਨਹੀਂ ਰਹੀ ਅਤੇ ਮੰਡੀਆਂ ਵਿੱਚ ਕਿਸਾਨਾਂ ਦੇ ਖਰੀਦੇ ਝੋਨੇ ਦੀ ਨਾਲੋ-ਨਾਲ ਚੁਕਾਈ ਹੋ ਰਹੀ ਹੈ ਅਤੇ ਇਸ 'ਚ ਪਟਿਆਲਾ ਜ਼ਿਲ੍ਹਾ ਸੂਬੇ ਭਰ ਦੀਆਂ ਮੰਡੀਆਂ 'ਚੋਂ ਮੋਹਰੀ ਹੈ।

ਡਿਪਟੀ ਕਮਿਸ਼ਨਰ, ਜੋ ਕਿ ਰੋਜ਼ਾਨਾ ਹੀ ਮੰਡੀਆਂ 'ਚ ਝੋਨੇ ਦੀ ਖਰੀਦ ਤੇ ਲਿਫਟਿੰਗ ਦਾ ਜਾਇਜ਼ਾ ਲੈਂਦੇ ਹਨ, ਨੇ ਅੱਜ ਸਬੰਧਤ ਅਧਿਕਾਰੀਆਂ ਨਾਲ ਇੱਕ ਬੈਠਕ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ 'ਚ ਖਰੀਦ ਕੀਤੀ ਜਾ ਰਹੀ ਝੋਨੇ ਦੀ ਫ਼ਸਲ ਦੀ ਲਿਫਟਿੰਗ 'ਚ ਤੇਜੀ ਆਈ ਹੈ ਅਤੇ ਮਿਥੇ ਟੀਚੇ ਮੁਤਾਬਕ ਹੁਣ 50 ਹਜ਼ਾਰ ਮੀਟ੍ਰਿਕ ਟਨ ਤੋਂ ਵਧੇਰੇ ਝੋਨੇ ਦੀ ਚੁਕਾਈ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਅੱਜ ਮੁੜ ਤੋਂ ਸਾਰੀਆਂ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰਾਂ ਨੂੰ ਇਸ ਬਾਬਤ ਸਖ਼ਤ ਹਦਾਇਤ ਕੀਤੀ ਹੈ।

ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਉਨ੍ਹਾਂ ਦਾ ਟੀਚਾ ਹੈ ਕਿ ਆਉਂਦੇ ਇੱਕ-ਦੋ ਦਿਨਾਂ ਵਿੱਚ ਲਿਫ਼ਟਿੰਗ 'ਚ ਤੇਜੀ ਲਿਆ ਕੇ ਮੰਡੀਆਂ ਖਾਲੀ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਕਿਸੇ ਵੀ ਕਿਸਾਨ ਨੂੰ ਆਪਣੀ ਜਿਣਸ ਵੇਚਣ ਲਈ ਕੋਈ ਮੁਸ਼ਕਿਲ ਨਾ ਆਵੇ। ਉਨ੍ਹਾਂ ਦੱਸਿਆ ਕਿ ਅੱਜ ਸ਼ਾਮ ਤੱਕ 3 ਲੱਖ 35 ਹਜ਼ਾਰ ਮੀਟ੍ਰਿਕ ਟਨ ਤੋਂ ਵਧੇਰੇ ਦੀ ਚੁਕਾਈ ਹੋ ਚੁੱਕੀ ਹੈ।ਕੁਲ ਆਮਦ ਕਰੀਬ 7 ਲੱਖ ਮੀਟ੍ਰਿਕ ਟਨ ਦੀ ਹੈ, ਇਸ ਵਿੱਚੋਂ ਹੁਣ ਤੱਕ 6.60 ਲੱਖ ਮੀਟ੍ਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਦੀ 100 ਫੀਸਦੀ ਅਦਾਇਗੀ ਵੀ ਹੋ ਚੁੱਕੀ ਹੈ।

# ਜ਼ਿਲ੍ਹਾ ਤੇ ਸੈਸ਼ਨ ਜੱਜ ਅਰੁਣ ਗੁਪਤਾ ਨੇ ਜ਼ਿਲ੍ਹਾ ਕਚਿਹਰੀਆਂ 'ਚ ਫਸਟ ਏਡ ਰੂਮ ਦਾ ਕੀਤਾ ਉਦਘਾਟਨ

**ਆਜ਼ਾਦ ਸੋਚ**
**ਸੁਨੀਲ ਵਰਮਾ**
**ਫ਼ਤਹਿਗੜ੍ਹ ਸਾਹਿਬ, 29 ਅਕਤੂਬਰ**

=========================

ਜ਼ਿਲ੍ਹਾ ਤੇ ਸੈਸ਼ਨ ਜੱਜ ਸ਼੍ਰੀ ਅਰੁਣ ਗੁਪਤਾ ਵੱਲੋਂ ਦਿਵਿਆਂਗ ਬੱਚਿਆਂ ਰਾਹੀਂ ਅੱਜ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਆਮ ਲੋਕਾਂ, ਵਕੀਲਾਂ ਤੇ ਹੋਰ ਸਟਾਫ ਮੈਂਬਰਾਂ ਦੀ ਸਹੂਲਤ ਲਈ ਫਸਟ ਏਡ ਰੂਮ ਦਾ ਉਦਘਾਟਨ ਕਰਵਾਇਆ ਗਿਆ। ਉਨ੍ਹਾਂ ਇਸ ਮੌਕੇ ਜ਼ਿਲ੍ਹਾ ਰਿਸੋਰਸ ਸੈਂਟਰ, ਸਰਹਿੰਦ ਦੇ ਦਿਵਿਆਂਗ ਬੱਚਿਆਂ ਵੱਲੋਂ ਹੱਥੀਂ ਤਿਆਰ ਕੀਤੀਆਂ ਵਸਤਾਂ ਦੀ ਪ੍ਰਦਰਸ਼ਨੀ ਦਾ ਜਾਇਜ਼ਾ ਲਿਆ ਤੇ ਦੀਵਾਲੀ ਮੌਕੇ ਦੀਵੇ, ਮੋਮਬੱਤੀਆਂ ਤੇ ਹੋਰ ਸਮਾਨ ਦੀ ਖਰੀਦਦਾਰੀ ਵੀ ਕੀਤੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ ?ਰੀ ਗੁਪਤਾ ਨੇ ਕਿਹਾ ਕਿ ਅੱਜ ਦੇ ਭੱਜ ਦੌੜ ਦੇ ਯੁੱਗ ਵਿੱਚ ਇਨਸਾਨ ਨੂੰ ਕਈ ਬਿਮਾਰੀਆਂ ਨੇ ਘੇਰ ਲਿਆ ਹੈ ਅਤੇ ਕਈ ਵਾਰ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਜੱਜ ਸਾਹਿਬਾਨਜ਼, ਵਕੀਲ ਸਾਹਿਬਾਨਜ਼, ਆਪਣੇ ਕੇਸਾਂ ਸਬੰਧੀ ਅਦਾਲਤਾਂ ਵਿੱਚ ਆਉਣ ਵਾਲੇ ਆਮ ਲੋਕਾਂ ਤੇ ਸਬੰਧਤ ਸਟਾਫ ਦੀ ਸਿਹਤ ਸਬੰਧੀ ਅਚਾਨਕ ਕੋਈ ਮੁਸ਼ਕਲ ਆ ਜਾਂਦੀ ਹੈ, ਜਿਸ ਲਈ ਮੁਢਲੀ ਸਹਾਇਤਾ ਬਹੁਤ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਫਸਟ ਏਡ ਰੂਮ ਵਿੱਚ ਇੱਕ ਮਾਹਰ ਫਿਜੀਸ਼ੀਅਨ ਬੈਠਣਗੇ ਜੋ ਕਿ ਹਸਪਤਾਲ ਲੈ ਜਾਣ ਤੋਂ ਪਹਿਲਾਂ ਪੀੜ੍ਹਤਾਂ ਨੂੰ ਫਸਟ ਏਡ ਦੀ ਸਹੂਲਤ ਦੇਣਗੇ। ਉਨ੍ਹਾਂ ਦੱਸਿਆ ਕਿ ਛੇਤੀ ਹੀ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਇੱਕ ਐਂਬੂਲੈਂਸ ਦਾ ਪ੍ਰਬੰਧ ਵੀ ਕੀਤਾ ਜਾਵੇਗਾ ਤਾਂ ਜੋ ਕਿਸੇ ਵੀ ਲੋੜਵੰਦ ਵਿਅਕਤੀ ਨੂੰ ਬਿਨਾਂ ਕਿਸੇ ਦੇਰੀ ਤੋਂ ਸਿਵਲ ਹਸਪਤਾਲ ਵਿਖੇ ਪਹੁੰਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਫਸਟ ਏਡ ਰੂਮ ਨੂੰ ਹੋਰ ਵੀ ਵਧਾਇਆ ਜਾਵੇਗਾ ਤਾਂ ਜੋ ਲੋੜਵੰਦਾਂ ਦੀਆਂ ਅਨਮੋਲ ਜਾਨਾਂ ਬਚਾਈਆਂ ਜਾ ਸਕਣ।

ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਦਿਵਿਆਂਗ ਬੱਚਿਆਂ ਵੱਲੋਂ ਦੀਵਾਲੀ ਮੌਕੇ ਤਿਆਰ ਕੀਤੀਆਂ ਵਸਤਾਂ ਦੀ ਲਗਾਈ ਪ੍ਰਦਰਸ਼ਨੀ ਦਾ ਜਾਇਜ਼ਾ ਲੈਣ ਮੌਕੇ ਕਿਹਾ ਕਿ ਦਿਵਿਆਂਗ ਬੱਚੇ ਸਾਡੇ ਸਮਾਜ ਦਾ ਅਨਿਖੜਵਾਂ ਅੰਗ ਹਨ ਅਤੇ ਸਾਡਾ ਸਾਰਿਆਂ ਦਾ ਇਹ ਫਰਜ਼ ਬਣਦਾ ਹੈ ਕਿ ਇਨ੍ਹਾਂ ਬੱਚਿਆਂ ਨੂੰ ਅੱਗੇ ਵੱਧਣ ਲਈ ਪਲੇਟ ਫਾਰਮ ਮੁਹੱਈਆ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਜ਼ਰੂਰਤਾਂ ਦਾ ਸਾਨੂੰ ਵੀ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਬੱਚਿਆਂ ਦਾ ਭਵਿੱਖ ਉਜਵਲ ਹੋ ਸਕੇ। ਉਨ੍ਹਾਂ ਕਿਹਾ ਕਿ ਅਜਿਹੀ ਪ੍ਰਦਰਸ਼ਨੀ ਲਗਾਉਣ ਨਾਲ ਇਨ੍ਹਾਂ ਬੱਚਿਆਂ ਦੀ ਅੰਦਰਲੀ ਪ੍ਰਤਿਭਾ ਸਾਹਮਣੇ ਆਉਂਦੀ ਹੈ ਜਿਸ ਨੂੰ ਉਤਸਾਹਤ ਕਰਕੇ ਇਨ੍ਹਾਂ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਜਾ ਸਕਦੀ ਹੈ। ਉਨ੍ਹਾਂ ਜ਼ਿਲ੍ਹਾ ਕੋਰਟ ਕੰਪਲੈਕਸ ਵਿਖੇ ਫਸਟ ਏਡ ਰੂਮ ਖੋਲਣ ਲਈ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਵੀ ਕੀਤਾ।

ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼ ?ਰੀਮਤੀ ਅੰਸ਼ੁਲ ਬੇਰੀ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਸ਼ ?ਰੀਮਤੀ ਸੋਨੀਆ ਕਿਨਰਾ, ਫੈਮਿਲੀ ਕੋਰਟ ਦੇ ਪ੍ਰਿੰਸੀਪਲ ਜੱਜ ਸ਼ ?ਰੀ ਵਿਜੈ ਕੁਮਾਰ, ਸੀਨੀਅਰ ਜੱਜ ਸਿਵਲ ਡਵੀਜ਼ਨ ਜਗਬੀਰ ਸਿੰਘ ਮਹਿੰਦੀਰੱਤਾ, ਚੀਫ ਜੁਡੀਸ਼ੀਅਲ ਮੈਜਿਸਟਰੇਟ ਪਮਲਪ੍ਰੀਤ ਗਰੇਵਾਲ ਕਾਹਲੋਂ, ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਕ੍ਰਿਸ਼ਨਾਨੁੱਜਾ ਮਿੱਤਲ, ਸਿਵਲ ਜੱਜ ਜੂਨੀਅਰ ਡਵੀਜ਼ਨ ਅੰਕਿਤਾ ਗੁਪਤਾ, ਸਿਵਲ ਜੱਜ ਜੂਨੀਅਰ ਡਵੀਜ਼ਨ ਰੇਨੂੰ ਗੋਇਲ, ਸਕੱਤਰ ਜ਼ਿਲ ?ਰਾ ਕਾਨੂੰਨੀ ਸੇਵਾਵਾਂ ਅਥਾਰਟੀ ਦੀਪਤੀ ਗੋਇਲ, ਬਾਰ ਐਸੋਸੀਏਸ਼ਨ ਦੇ ਪ੍ਰਧਾਨ ਅਮਰਦੀਪ ਸਿੰਘ ਧਾਰਨੀ ਤੋਂ ਇਲਾਵਾ ਹੋਰ ਅਧਿਕਾਰੀਆਂ ਨੇ ਵੀ ਦਿਵਿਆਂਗ ਬੱਚਿਆਂ ਵੱਲੋਂ ਤਿਆਰ ਕੀਤੀਆਂ ਵਸਤਾਂ ਦੀ ਖਰੀਦਦਾਰੀ ਕੀਤੀ।



# ਹਰਿਆਣਾ ਵਿੱਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਘਟੇ

ਨਵੀਂ ਦਿੱਲੀ, 29 ਅਕਤੂਬਰ (ਪ.ਪ.):ਪੰਜਾਬ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਤੇ ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ਲਈ ਨਗਦ ਸਕੀਮਾਂ ਵੱਲ ਉਤਸ਼ਾਹਿਤ ਕਰਨ ਲਈ ਕੇਂਦਰ ਤੋਂ 1,200 ਕਰੋੜ ਰੁਪਏ ਦੀ ਮੰਗ ਕੀਤੀ ਹੈ। ਇਸ ਦੇ ਦੂਜੇ ਪਾਸੇ ਹਰਿਆਣਾ ਵੱਲੋਂ ਕਿਸਾਨਾਂ ਨੂੰ ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਘਟਾਉਣ ਤੇ ਪਰਾਲੀ ਨੂੰ ਅੱਗ ਨਾ ਲਾਉਣ ਲਈ ਕਈ ਨਗਦ ਸਕੀਮਾਂ ਲਿਆਂਦੀਆਂ ਗਈਆਂ ਹਨ।

ਸੁਪਰੀਮ ਕੋਰਟ ਵਿੱਚ ਦਾਇਰ ਇੱਕ ਹਲਫ਼ਨਾਮੇ ਵਿੱਚ ਹਰਿਆਣਾ ਦੇ ਮੁੱਖ ਸਕੱਤਰ ਟੀਵੀਐਸਐਨ ਪ੍ਰਸਾਦ ਨੇ ਕਿਹਾ ਕਿ ਸੂਬਾ ਸਰਕਾਰ ਉਨ੍ਹਾਂ ਕਿਸਾਨਾਂ ਨੂੰ ਪ੍ਰਤੀ ਏਕੜ ਇਕ ਹਜ਼ਾਰ ਰੁਪਏ ਦੀ ਅਦਾਇਗੀ ਕਰ ਰਹੀ ਹੈ ਜਿਹੜੇ ਕਿਸਾਨ ਆਪਣੇ ਖੇਤਾਂ ਵਿਚ ਅੱਗ ਲਾਏ ਬਿਨਾਂ ਐਕਸ ਸੀਤੂ ਜਾਂ ਇਨ ਸੀਤੂ ਜ਼ਰੀਏ ਪਰਾਲੀ ਦਾ ਪ੍ਰਬੰਧਨ ਕਰਦੇ ਹਨ।ਇਸ ਤੋਂ ਇਲਾਵਾ ਜਿਹੜੇ ਕਿਸਾਨ ਫਸਲੀ ਵਿਭਿੰਨਤਾ ਕਰਦੇ ਹਨ ਤੇ ਪਾਣੀ ਵਾਲੀਆਂ ਫਸਲਾਂ ਦੀ ਥਾਂ ਹੋਰ ਫਸਲ ਬੀਜਦੇ ਹਨ, ਉਨ੍ਹਾਂ ਕਿਸਾਨਾਂ ਨੂੰ 7,000 ਰੁਪਏ ਦਿੱਤੇ ਜਾ ਰਹੇ ਹਨ ਤੇ ਝੋਨੇ ਦੀ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ 4,000 ਰੁਪਏ ਪ੍ਰਤੀ ਏਕੜ ਦਿੱਤੇ ਜਾ ਰਹੇ ਹਨ। ਉਨ੍ਹਾਂ ਪੰਚਾਇਤਾਂ ਨੂੰ 1 ਲੱਖ ਅਤੇ 50,000 ਰੁਪਏ ਦਿੱਤੇ ਜਾ ਰਹੇ ਹਨ ਜੋ ਕ੍ਰਮਵਾਰ ਰੈੱਡ ਜ਼ੋਨ (ਪਿਛਲੇ ਸਾਲ ਵਿੱਚ ਪੰਜ ਤੋਂ ਵੱਧ ਖੇਤਾਂ ਵਿੱਚ ਅੱਗ ਲੱਗਣ ਦੇ ਮਾਮਲੇ) ਅਤੇ ਪੀਲੇ ਜ਼ੋਨ (ਪਿਛਲੇ ਸਾਲ ਵਿੱਚ ਦੋ ਤੋਂ ਪੰਜ ਖੇਤਾਂ ਵਿੱਚ ਅੱਗ ਲੱਗਣ ਦੇ ਮਾਮਲੇ) ਤੋਂ ਗਰੀਨ ਜ਼ੋਨ ਵਿਚ ਆਏ ਹਨ।

# ਏਪੀਜੇ ਪਬਲਿਕ ਸਕੂਲ ਵਿਖੇ ਦੀਵਾਲੀ ਮੌਕੇ ਬੱਚਿਆਂ ਦੇ ਵੱਖ-ਵੱਖ ਮੁਕਾਬਲੇ



**ਆਜ਼ਾਦ ਸੋਚ**
**ਜਗਵਿੰਦਰ ਸਿੰਘ /ਖਰੜ, 29 ਅਕਤੂਬਰ**

=========================

ਏ.ਪੀ.ਜ਼ੇ.ਪਬਲਿਕ ਸਕੂਲ ਵਿੱਚ ਦੀਵਾਲੀ ਮੌਕੇ ਬੱਚਿਆਂ ਦੇ ਵੱਖ-ਵੱਖ ਰੋਮਾਂਚਕ ਮੁਕਾਬਲੇ ਕਰਵਾਏ ਗਏ । ਇਹਨਾਂ ਮੁਕਾਬਲਿਆਂ ਵਿੱਚ ਗ੍ਰੇਡ 9 ਤੋਂ 12 ਦੇ ਵਿਦਿਆਰਥੀਆਂ ਨੇ ਗੁੰਝਲਦਾਰ ਡਿਜ਼ਾਈਨ ਅਤੇ ਜੀਵੰਤ ਰੰਗਾਂ ਦਾ ਪ੍ਰਯੋਗ ਕਰਦੇ ਹੋਏ ਰੰਗੋਲੀ ਬਣਾਉਣ ਦੇ ਮੁਕਾਬਲੇ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਗ੍ਰੇਡ 6 ਤੋਂ 8 ਦੇ ਵਿਦਿਆਰਥੀਆਂ ਨੇ ਬੰਟਿੰਗ-ਮੇਕਿੰਗ ਮੁਕਾਬਲੇ ਵਿੱਚ ਭਾਗ ਲਿਆ। ਗ੍ਰੇਡ 2 ਤੋਂ 5 ਦੇ ਛੋਟੇ ਵਿਦਿਆਰਥੀਆਂ ਨੇ ਥਾਲੀ ਸਜਾਵਟੀ ਮੁਕਾਬਲੇ ਵਿੱਚ ਆਪਣੀ ਪ੍ਰਤਿਭਾ ਨੂੰ ਉਜਾਗਰ ਕੀਤਾ, ਜਦੋਂ ਕਿ ਨਰਸਰੀ ਅਤੇ ਗ੍ਰੇਡ 1 ਦੇ ਵਿਦਿਆਰਥੀਆਂ ਨੇ ਦੀਆ ਅਤੇ ਮੋਮਬੱਤੀਆਂ ਦੀ ਸਜਾਵਟ ਨਾਲ ਨਿੱਘ ਅਤੇ ਰੋਸ਼ਨੀ ਲਿਆਈ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਟੀਮ ਵਰਕ, ਅਤੇ ਸੱਭਿਆਚਾਰਕ ਪ੍ਰਸ਼ੰਸਾ ਨੂੰ ਉਤਸ਼ਾਹਿਤ ਕਰਨਾ, ਕਲਾਤਮਕ ਪ੍ਰਗਟਾਵੇ ਅਤੇ ਤਿਉਹਾਰਾਂ ਦੀ ਖੁਸ਼ੀ ਨਾਲ ਭਰਿਆ ਅਨੰਦਮਈ ਮਾਹੌਲ ਬਾਰੇ ਸਿੱਖਿਆ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਜਸਬੀਰ ਚੰਦਰ ਨੇ ਸਾਰਿਆਂ ਨੂੰ ਦਿਵਾਲੀ ਦੀ ਵਧਾਈ ਦਿੰਦਿਆਂ ਆਖਿਆ ਕਿ ਦਿਵਾਲੀ ਰੌਸ਼ਨੀ ਦਾ ਤਿਉਹਾਰ ਹੈ । ਇਸ ਨੂੰ ਪ੍ਰਦੂਸ਼ਣ ਮੁਕਤ ਮਨਾਉਣ ਲਈ ਪਟਾਕਿਆਂ ਦਾ ਪਰਹੇਜ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਡਾ ਵਾਤਾਵਰਨ ਪਹਿਲਾਂ ਹੀ ਬਹੁਤ ਗੰਧਲਾ ਹੋ ਚੁੱਕਿਆ ਹੈ ਇਸ ਲਈ ਆਹ ਪਟਾਕਾ ਰਹਿਤ ਦਿਵਾਲੀ ਮਨਾਈਏ । ਇਸ ਮੌਕੇ ਸਕੂਲ ਸਟਾਫ ਵੀ ਮੌਜੂਦ ਸੀ ।

# ਸੇਵਾ ਤੇ ਸੱਚ ਦੇ ਪੁੰਜ ਤੇ ਗ਼ਰੀਬਾਂ ਲਈ ਮਸੀਹਾ ਸਨ ਕਥਾਵਾਚਕ ਗਿਆਨੀ ਮਹਿੰਦਰ ਸਿੰਘ

ਜੋ ਵੀ ਇਨਸਾਨ ਜਨਮ ਲੈ ਕੇ ਇਸ ਸੰਸਾਰ ਵਿੱਚ ਆਇਆ ਹੈ ਉਸ ਨੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਜਾਣਾ ਹੀ ਹੈ। ਲੇਕਿਨ ਵੇਖਣ ਵਾਲੀ ਗੱਲ ਇਹ ਹੁੰਦੀ ਹੈ ਕਿ ਜਾਣ ਵਾਲਾ ਵਿਅਕਤੀ ਜੀਵਨ ਕਿਹੋ ਜਿਹਾ ਜੀਅ ਕੇ ਗਿਆ। ਬਹੁਤੇ ਲੋਕ ਮਰ ਮਰ ਕੇ ਜਿਉਂਦੇ ਨੇ ਤੇ ਬਹੁਤ ਘੱਟ ਅਜਿਹੇ ਹੁੰਦੇ ਹਨ ਜਿਹੜੇ ਜੀਵਨ ਨੂੰ ਪੂਰੀ ਤਰ੍ਹਾਂ ਜੀਅ ਕੇ ਮਰਦੇ ਹਨ ਅਤੇ ਕੁੱਝ ਅਮਿੱਟ ਯਾਦਾਂ ਛੱਡ ਜਾਂਦੇ ਹਨ। ਅਜਿਹੀਆਂ ਹੀ ਅਮਿੱਟ ਯਾਦਾਂ ਛੱਡ ਕੇ ਸਾਨੂੰ ਸਭ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ ਕਥਾਵਾਚਕ ਗਿਆਨੀ ਮਹਿੰਦਰ ਸਿੰਘ ਜੀ। ਬੀਤੇ ਦਿਨੀਂ 20 ਅਕਤੂਬਰ ਨੂੰ ਬਿਜਲੀ ਦਾ ਕਰੰਟ ਲੱਗਣ ਨਾਲ 62 ਸਾਲ ਦੀ ਉਮਰ ਵਿੱਚ ਸ. ਮਹਿੰਦਰ ਸਿੰਘ ਆਕਾਲ ਚਲਾਣਾ ਕਰ ਗਏ। ਉਹ ਵਿਦਿਆਰਥੀ ਜੀਵਨ ਤੋਂ ਹੀ ਗੁਰਮਤਿ ਦੀ ਸਿੱਖਿਆ ਹਾਸਲ ਕਰਨ ਲੱਗ ਪਏ ਸਨ।

ਸਕੂਲੀ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੇ ਸਿੱਖ ਮਿਸ਼ਨਰੀ ਕਾਲਜ਼ ਲੁਧਿਆਣਾ ਤੋਂ ਦੋ ਸਾਲ ਦਾ ਗੁਰਮਤਿ ਦਾ ਕੋਰਸ ਕੀਤਾ ਅਤੇ ਫਿਰ ਕਥਾ ਰਾਹੀਂ ਗੁਰਮਤਿ ਪ੍ਰਚਾਰ ਵਿੱਚ ਜੁਟ ਗਏ। ਗੁਰੂ ਨਾਨਕ ਸਾਹਿਬ ਦੇ ਮਾਰਗ 'ਤੇ ਚਲਦਿਆਂ ਉਹ ਤਰਕਸ਼ੀਲ ਸੋਚ ਨਾਲ ਕਥਾ ਕਰਦੇ ਸਨ ਅਤੇ ਅੰਧ ਵਿਸ਼ਵਾਸ਼ ਵਾਲੀਆਂ ਸਾਖੀਆਂ ਦਾ ਖੰਡਨ ਕਰਦੇ ਸਨ।1999 ਵਿੱਚ ਉਹ ਆਪਣੇ ਪਿੰਡ ਖਾਂਸਾ ਦੇ ਸਰਪੰਚ ਬਣੇ। ਲਾਗਾਤਾਰ ਤਿੰਨ ਵਾਰ ਪਿੰਡ ਦੇ ਸਰਪੰਚੀ ਕੀਤੀ ਇਸੇ ਦੌਰਾਨ ਉਨ੍ਹਾਂ ਨੇ ਜਿੱਥੇ ਪਿੰਡ ਦਾ ਵਿਕਾਸ ਕਰਵਾਇਆ ਉੱਥੇ ਹੀ ਗਰੀਬ ਵਰਗ ਦੇ ਲੋਕਾਂ ਦੇ ਉਥਾਨ ਲਈ ਉਹ ਲਗਾਤਾਰ ਕੰਮ ਕਰਦੇ ਰਹੇ। ਇਲਾਕੇ ਦੇ ਲੋਕਾਂ ਵਿੱਚ ਉਹ ਇੱਕ ਸਤਿਕਾਰਤ ਹਸਤੀ ਦੇ ਤੌਰ 'ਤੇ ਜਾਣੇ ਜਾਂਦੇ ਸਨ। ਇਸੇ ਦੌਰਾਨ ਹੀ ਉਨ੍ਹਾਂ ਦੀ ਨੇੜਤਾ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਹੋਈ। ਜਥੇਦਾਰ ਟੌਹੜਾ ਤੋਂ ਇਲਾਵਾ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ, ਕਾਂਗਰਸੀ ਆਗੂ ਸ.ਲਾਲ ਸਿੰਘ ਦਾ ਵੀ ਉਨ੍ਹਾਂ ਦੇ ਪਰਿਵਾਰ ਨਾਲ ਚੰਗਾ ਸਹਿਚਾਰ ਸੀ।

ਨੌਵੇਂ ਪਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮਗਰ ਸਾਹਿਬ ਵਿਖੇ ਉਹ ਅਕਸਰ ਕਥਾ ਕਰਨ ਲਈ ਜਾਂਦੇ ਰਹਿੰਦੇ ਸਨ। ਉਹ ਜਦੋਂ ਕਥਾ ਕਰਦੇ ਸਨ ਤਾਂ ਲੋਕ ਮੰਤਰ ਮੁਗਧ ਹੋ ਕੇ ਸੁਣਦੇ ਸਨ। ਉਹ ਇੰਨੇ ਬੇਬਾਕ ਸਨ ਕਿ ਕਿਸੇ ਦੇ ਵਿਰੁੱਧ ਸੱਚੀ ਗੱਲ ਉਸਦੇ ਸਾਹਮਣੇ ਬੋਲਣ ਦੀ ਜੁਅਰਤ ਰੱਖਦੇ ਸਨ। ਉਹ ਉਨ੍ਹਾਂ ਵਿੱਚੋਂ ਸਨ ਜਿੰਨ੍ਹਾਂ ਬਾਰੇ ਗੁਰਬਾਣੀ ਵਿੱਚ ਫੁਰਮਾਨ ਹੈ,ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ।।ਉਨ੍ਹਾਂ ਨੇ ਲਗਾਤਾਰ 35 ਸਾਲ ਸਮਾਜ ਸੇਵਾ ਕਰਦਿਆਂ ਗੁਜ਼ਾਰੇ ਅਤੇ ਪਿੰਡ ਖਾਂਸਾ ਦੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਬਣਵਾਉਣ ਵਿੱਚ ਅਹਿਮ ਯੋਗਦਾਨ ਪਾਇਆ।ਗਿਆਨੀ ਮਹਿੰਦਰ ਸਿੰਘ ਦੇ ਆਕਾਲ ਚਲਾਣੇ ਨਾਲ ਜਿੱਥੇ ਉਨ੍ਹਾਂ ਦੀ ਪਤਨੀ ਸਰਦਾਰਨੀ ਸੁਖਵਿੰਦਰ ਕੌਰ,ਸਪੁੱਤਰ ਪਲਵਿੰਦਰ ਸਿੰਘ , ਸਪੁੱਤਰੀ ਗੁਰਪ੍ਰੀਤ ਕੌਰ ਅਤੇ ਪਰਿਵਾਰ ਦੇ ਮੈਂਬਰਾਂ ਨੂੰ ਗਹਿਰਾ ਸਦਮਾ ਲੱਗਾ ਹੈ ਉੱਥੇ ਹੀ ਸਿੱਖ ਸਮਾਜ ਤੋਂ ਇੱਕ ਸੱਚ ਦੀ ਆਵਾਜ਼ ਬੁਲੰਦ ਕਰਨ ਵਾਲਾ ਕਥਾ ਵਾਚਕ ਆਕਾਲ ਪੁਰਖ ਨੇ ਖੋਹ ਲਿਆ ਹੈ। ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਉਨ੍ਹਾਂ ਦੇ ਪਿੰਡ ਖਾਂਸਾ ਦੇ ਗੁਰਦੁਆਰਾ ਸਾਹਿਬ ਵਿਖੇ 30 ਅਕਤੂਬਰ ਦਿਨ ਬੁੱਧਵਾਰ ਨੂੰ ਪਾਇਆ ਜਾਵੇਗਾ।

**-ਆਜ਼ਾਦ ਸੋਚ ਬਿਊਰੋ**



# ਸਿਹਤ ਅਤੇ ਤੰਦਰੁਸਤੀ ਲਈ ਆਓ ਗ੍ਰੀਨ ਦੀਵਾਲੀ ਮਨਾਈਏ: ਸੰਦੀਪ ਸਿੰਘ ਨਾਮਧਾਰੀ

ਸਮਾਣਾ, 29 ਅਕਤੂਬਰ (ਰਾਜਿੰਦਰ ਫਤਿਹਪੁਰ/ਸੰਜੇ ਬਾਂਸਲ): ਉੱਘੇ ਸਮਾਜ ਸੇਵੀ ਅਤੇ ਐਨ ਆਰ ਆਈ ਸੰਦੀਪ ਸਿੰਘ ਨਾਮਧਾਰੀ ਨੇ ਸਮਾਣਾ ਅਤੇ ਦੇਸ਼ ਵਾਸੀਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਤੇ ਵਧਾਈ ਸੰਦੇਸ਼ ਦਿੰਦੀਆਂ ਕਿਹਾ ਹੈ ਕਿ ਇਸ ਦੀਵਾਲੀ ਨੂੰ ਗ੍ਰੀਨ ਦੀਵਾਲੀ ਮਨਾਇਆ ਜਾਵੇ। ਦਿਵਾਲੀ ਅਤੇ ਬੰਦੀ ਛੋੜ ਦਿਵਸ ਸਾਡੇ ਵੱਡੇ ਪਰਬ ਹਨ ਇਨ੍ਹਾਂ ਖੁਸ਼ੀਆਂ ਭਰੇ ਤਿਉਹਾਰ ਨੂੰ ਹੋਰ ਵਧੀਆ ਅਤੇ ਪ੍ਰਦੁਸ਼ਣ ਰਹਿਤ ਬਣਾਓ ਅਤੇ ਆਪਣਾ ਆਲਾ ਦੁਆਲਾ ਸਾਫ਼ ਸੁਥਰਾ ਰੱਖੋਂ। ਤੰਦਰੁਸਤ ਜੀਵਨ ਜਿਊਣ ਲਈ ਅਤੇ ਕਮਜ਼ੋਰ ਤਬਕੇ ਦੀ ਦੀਵਾਲੀ ਨੂੰ ਵੀ ਖੁਸ਼ੀਆਂ ਭਰਿਆ ਬਣਾਉਣ ਲਈ ਦੇਸ਼ ਵਿਚ ਬਣੇ ਸਮਾਨ ਜਿਵੇਂ ਮਿੱਟੀ ਦੇ ਦੀਵੇ,ਮੋਮਬੱਤੀਆਂ ਜਗਾਓ ਅਤੇ ਹੋਰ ਸਮਾਨ ਜੋ ਲੋਕਲ ਬਣਦਾ ਹੈ ਖ਼ਰੀਦੋ ਤਾਂ ਜੋ ਗਰੀਬ ਵਰਗ ਦੀ ਦੀਵਾਲੀ ਵੀ ਖ਼ੁਸ਼ੀਆਂ ਭਰੀ ਹੋਵੇ ਇਸ ਤੋਂ ਇਲਾਵਾ ਪ੍ਰਦੂਸ਼ਣ ਰਹਿਤ ਹਲਕੇ ਬੰਬ ਪਟਾਕੇ ਹੀ ਇਸ ਸ਼ੁਭ ਦਿਹਾੜੇ ਤੇ ਚਲਾਏ ਜਾਣ ਤਾਂ ਜੋ ਵਾਤਾਵਰਨ ਵੀ ਸਾਫ਼ ਸੁਥਰਾ ਰਹੇ।



# ਯੰਗ ਪ੍ਰੋਗਰੈਸਿਵ ਸਿੱਖ ਫੋਰਮ ਨੇ ਪਲੇਵੇਜ਼ ਸਕੂਲ ਵਿਖੇ ਮਨਾਇਆ ਗਰੀਨ ਦੀਵਾਲੀ ਸਮਾਗਮ



**ਆਜ਼ਾਦ ਸੋਚ ਬਿਊਰੋ**
**ਪਟਿਆਲਾ, 29 ਅਕਤੂਬਰ**

=========================

ਯੰਗ ਪ੍ਰੋਗਰੈਸਿਵ ਸਿੱਖ ਫੋਰਮ ਵੱਲੋਂ ਅੱਜ ਪਲੇ ਵੇਜ ਸੀਨੀਅਰ ਸੈਕੰਡਰੀ ਸਕੂਲ ਵਿਖੇ ਚੇਅਰਮੈਨ ਡਾਕਟਰ ਰਾਜਦੀਪ ਸਿੰਘ , ਡਾਇਰੈਕਟਰ ਹਰਲੀਨ ਕੌਰ ਅਤੇ ਪ੍ਰਿੰਸੀਪਲ ਰਕਸ਼ਾ ਵਰਮਾ ਦੀ ਅਗਵਾਈ ਹੇਠ ਗਰੀਨ ਦਿਵਾਲੀ ਸਮਾਰੋਹ ਮਨਾਇਆ ਗਿਆ।ਇਸ ਇਵੈਂਟ ਵਿੱਚ ਮੁੱਖ ਮਹਿਮਾਨ ਵਜੋ , ਸ਼੍ਰੀਮਤੀ ਤਾਨਿਆ ਕੌਰ (ਆਈ.ਆਰ ਐਸ)ਡਿਪਟੀ ਕਮਿਸ਼ਨਰ, ਸ.ਇਕਬਾਲ ਸਿੰਘ ਸਡਾਨਾ(ਵਾਈਸ ਪ੍ਰੈਜ਼ੀਡੈਂਟ-ਵਾਈ.ਪੀ.ਐੱਸ.ਐੱਫ.) ਡਾ. ਪ੍ਰਭਲੀਨ ਸਿੰਘ ,ਡਾ.ਹਰਪ੍ਰੀਤ ਕੌਰ , ਡਾ. ਦਮਨ ਡਾ. ਇੰਦਰਪ੍ਰੀਤ ਸ਼ਾਮਿਲ ਹੋਏ ਇਸ ਇਵੈਂਟ ਵਿੱਚ ਵਿਦਿਆਰਥੀਆਂ ਤੋਂ ਰੁੱਖ ਲਗਵਾਏ ਗਏ 9 ਇਸ ਸਮਾਰੋਹ ਵਿੱਚ ਸਮੂਹ ਸਟਾਫ ਨੇ ਵੱਧ ਚੜ ਕੇ ਹਿੱਸਾ ਲਿਆ । ਚੇਅਰਮੈਨ ਡਾਕਟਰ ਰਾਜਦੀਪ ਸਿੰਘ ਨੇ ਸਭ ਨੂੰ ਦੀਵਾਲੀ ਦੀਆਂ ਵਧਾਈਆਂ ਦਿੰਦੇ ਹੋਏ ÷ਇਕੋ ਫਰੈਂਡਲੀ ਦਿਵਾਲੀ÷ਮਨਾਉਣ ਅਤੇ ਵਿਦਿਆਰਥੀਆਂ ਨੂੰ ਘੱਟ ਤੋਂ ਘੱਟ ਪਟਾਖੇ ਚਲਾਉਣ ਲਈ ਕਿਹਾ ਤਾਂ ਕਿ ਵਾਤਾਵਰਣ ਨੂੰ ਸੁਰੱਖਿਤ ਰੱਖਿਆ ਜਾਵੇ, ਆਏ ਸਾਰੇ ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈਆਂ ਦਿੱਤੀਆਂ। ਵਾਈ ਪੀ ਐਸ ਐਫ ਦੇ ਪ੍ਰਧਾਨ ਡਾ ਪ੍ਰਭਲੀਨ ਸਿੰਘ ਵਲੋਂ ਬੱਚਿਆਂ ਨੂੰ ਪਟਾਕਿਆਂ ਤੋਂ ਦੂਰ ਰਹਿਣ ਦਾ ਸੰਕਲਪ ਕਰਵਾਇਆ ਅਤੇ ਨਾਲ ਹੀ ਯੰਗ ਪ੍ਰੋਗਰੈਸਿਵ ਸਿੱਖ ਫੋਰਮ ਵੱਲੋਂ ਕੀਤੇ ਜਾ ਰਹੇ ਕਾਰਜਾਂ ਤੋਂ ਜਾਣੂ ਕਰਵਾਇਆ ।

ਤਾਨਿਆ ਕੌਰ ਡਿਪਟੀ ਕਮਿਸ਼ਨਰ ਵਲੋਂ ਆਪਣੀ ਸਫਲਤਾ ਨਾਲ ਜੁੜੀਆਂ ਸਕਾਰਾਤਮਕ ਕਹਾਣੀਆਂ ਸੁਣਾ ਕੇ ਬੱਚਿਆਂ ਨੂੰ ਮੋਹਿਆ ਨਾਲ ਹੀ ਉਨਾ ਨੇ ਜ਼ਿੰਦਗੀ ਵਿੱਚ ਪੜਾਈ ਦੀ ਅਹਿਮੀਅਤ ਦੱਸਦਿਆਂ ਬੱਚਿਆਂ ਨੂੰ ਆਪਣੀ ਰੂਚੀ ਮੁਤਾਬਿਕ ਲਾਈਨ ਚੁਣਨ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਬੱਚਿਆਂ ਵਲੋਂ ਵਾਤਾਵਰਣ ਨੂੰ ਸਾਫ਼ ਰੱਖਣ ਦਾ ਪ੍ਰਣ ਵੀ ਲਿਆ ਗਿਆ ।

## ਸੰਪਾਦਕੀ

## ਆਜ਼ਾਦ ਸੋਚ

### ਜੰਮੂ-ਕਸ਼ਮੀਰ ਵਿਚ ਅੱਤਵਾਦੀ ਹਮਲਿਆਂ ’ਚ ਵਾਧਾ ਹੈ ਚਿੰਤਾਜਨਕ ਵਰਤਾਰਾ

ਇਹ ਗੰਭੀਰ ਚਿੰਤਾ ਦਾ ਕਾਰਨ ਬਣਨਾ ਚਾਹੀਦਾ ਹੈ ਕਿ ਜੰਮੂ-ਕਸ਼ਮੀਰ ਵਿਚ ਉਮਰ ਅਬਦੁੱਲਾ ਦੀ ਅਗਵਾਈ ਵਿਚ ਨਵੀਂ ਸਰਕਾਰ ਦਾ ਗਠਨ ਹੋਣ ਤੋਂ ਬਾਅਦ ਤੋਂ ਅੱਤਵਾਦੀ ਹਮਲਿਆਂ ਦਾ ਸਿਲਸਿਲਾ ਕਾਇਮ ਹੋ ਗਿਆ ਹੈ। ਸੂਬੇ ਵਿਚ ਬੀਤੇ ਸੱਤ ਦਿਨਾਂ ਵਿਚ ਚਾਰ ਅੱਤਵਾਦੀ ਹਮਲੇ ਹੋ ਚੁੱਕੇ ਹਨ। ਇਨ੍ਹਾਂ ਹਮਲਿਆਂ ਵਿਚ ਆਮ ਲੋਕਾਂ ਦੇ ਨਾਲ-ਨਾਲ ਫ਼ੌਜੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਅਜਿਹਾ ਲੱਗਦਾ ਹੈ ਕਿ ਅੱਤਵਾਦੀ ਇਹ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਜੰਮੂ-ਕਸ਼ਮੀਰ ਵਿਚ ਉਹ ਹੁਣ ਵੀ ਕਿਤੇ ਵੀ ਅਤੇ ਕਦੇ ਵੀ ਹਮਲਾ ਕਰਨ ਵਿਚ ਸਮਰੱਥ ਹਨ। ਇਹ ਸੰਦੇਸ਼ ਦੇਣ ਲਈ ਉਹ ਅਜਿਹੀਆਂ ਥਾਵਾਂ ’ਤੇ ਵੀ ਹਮਲੇ ਕਰ ਰਹੇ ਹਨ ਜਿੱਥੇ ਆਮ ਤੌਰ ’ਤੇ ਪਹਿਲਾਂ ਉਨ੍ਹਾਂ ਦੀਆਂ ਸਰਗਰਮੀਆਂ ਦੇਖਣ ਨੂੰ ਨਹੀਂ ਮਿਲਦੀਆਂ ਸਨ। ਸਾਫ਼ ਹੈ ਕਿ ਅੱਤਵਾਦੀ ਆਪਣੀ ਮੌਜੂਦਗੀ ਦਰਜ ਕਰਵਾਉਣ ਦੇ ਨਾਲ ਹੀ ਇਹ ਪ੍ਰਗਟ ਕਰਨਾ ਚਾਹੁੰਦੇ ਹਨ ਕਿ ਉਹ ਦਹਿਸ਼ਤ ਫੈਲਾਉਣ ਵਿਚ ਸਮਰੱਥ ਹਨ। ਉਨ੍ਹਾਂ ਦਾ ਇਹ ਮੁਗਾਲਤਾ ਦੂਰ ਕਰਨਾ ਹੀ ਹੋਵੇਗਾ ਅਤੇ ਇਸ ਵਿਚ ਕਾਮਯਾਬੀ ਉਦੋਂ ਮਿਲੇਗੀ ਜਦ ਉਨ੍ਹਾਂ ਦੇ ਨਾਲ-ਨਾਲ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਨੂੰ ਵੀ ਸਬਕ ਸਿਖਾਇਆ ਜਾਵੇਗਾ। ਜ਼ਿਆਦਾਤਰ ਅੱਤਵਾਦੀ ਹਮਲਿਆਂ ਵਿਚ ਇਹ ਦੇਖਣ ਨੂੰ ਮਿਲਿਆ ਹੈ ਕਿ ਅੱਤਵਾਦੀਆਂ ਨੂੰ ਸਥਾਨਕ ਲੋਕਾਂ ਦਾ ਸਹਿਯੋਗ ਮਿਲਿਆ। ਅੱਤਵਾਦੀਆਂ ਦੇ ਸਥਾਨਕ ਮਦਦਗਾਰਾਂ ’ਤੇ ਸ਼ਿਕੰਜਾ ਕੱਸਣ ਦੇ ਨਾਲ ਹੀ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਉਨ੍ਹਾਂ ਨੂੰ ਪਾਕਿਸਤਾਨ ਤੋਂ ਕਿਸੇ ਤਰ੍ਹਾਂ ਦਾ ਸਹਿਯੋਗ ਨਾ ਮਿਲ ਸਕੇ। ਸਿਰਫ਼ ਇੰਨਾ ਹੀ ਕਾਫ਼ੀ ਨਹੀਂ ਕਿ ਭਾਰਤ ਪਾਕਿਸਤਾਨ ਦੀਆਂ ਇਨ੍ਹਾਂ ਚੋਪੜੀਆਂ ਹੋਈਆਂ ਗੱਲਾਂ ਵਿਚ ਨਹੀਂ ਆ ਰਿਹਾ ਹੈ ਕਿ ਸਭ ਕੁਝ ਭੁੱਲ ਕੇ ਅੱਗੇ ਵਧਣ ਦੀ ਜ਼ਰੂਰਤ ਹੈ। ਪਾਕਿਸਤਾਨ ਨੂੰ ਇਹ ਸਖ਼ਤ ਸੰਦੇਸ਼ ਦੇਣ ਦੀ ਵੀ ਜ਼ਰੂਰਤ ਹੈ ਕਿ ਉਸ ਨੂੰ ਜੰਮੂ-ਕਸ਼ਮੀਰ ਵਿਚ ਦਹਿਸ਼ਤ ਫੈਲਾਉਣ ਦੀ ਫਿਰ ਤੋਂ ਉਸੇ ਤਰ੍ਹਾਂ ਦੀ ਕੀਮਤ ਅਦਾ ਕਰਨੀ ਪੈ ਸਕਦੀ ਹੈ ਜਿਹੋ ਜਿਹੀ ਸਰਜੀਕਲ ਸਟ ?ਰਾਈਕ ਅਤੇ ਏਅਰ ਸਟ ?ਰਾਈਕ ਦੇ ਰੂਪ ਵਿਚ ਅਦਾ ਕੀਤੀ ਸੀ। ਹੁਣ ਜਦ ਇਹ ਸਪਸ਼ਟ ਹੈ ਕਿ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਵਾਲਾ ਨਹੀਂ ਹੈ, ਤਦ ਫਿਰ ਸਰਹੱਦ ’ਤੇ ਚੌਕਸੀ ਵਧਾਉਣ, ਅੱਤਵਾਦੀਆਂ ਦੀ ਘੁਸਪੈਠ ਰੋਕਣ ਅਤੇ ਵਾਦੀ ਵਿਚ ਉਨ੍ਹਾਂ ਦੇ ਸਮਰਥਕਾਂ ਨੂੰ ਬੇਨਕਾਬ ਕਰਨ ’ਤੇ ਨਵੇਂ ਸਿਰੇ ਤੋਂ ਧਿਆਨ ਦੇਣਾ ਹੋਵੇਗਾ। ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਪਾਕਿਸਤਾਨ ਨੂੰ ਇਹ ਰਾਸ ਨਹੀਂ ਆਇਆ ਹੈ ਕਿ ਜੰਮੂ-ਕਸ਼ਮੀਰ ਵਿਚ ਸ਼ਾਂਤੀ ਨਾਲ ਚੋਣਾਂ ਸਿਰੇ ਚੜ੍ਹ ਗਈਆਂ ਅਤੇ ਇਨ੍ਹਾਂ ਚੋਣਾਂ ਵਿਚ ਲੋਕਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਹ ਸਹੀ ਹੈ ਕਿ ਇਨ੍ਹਾਂ ਚੋਣਾਂ ਵਿਚ ਵੱਖਵਾਦੀਆਂ ਨੂੰ ਮਾਤ ਮਿਲੀ ਪਰ ਇਸ ਦੀ ਸ਼ੰਕਾ ਹੈ ਕਿ ਉਹ ਜਿਨ੍ਹਾਂ ਦੇ ਭਰੋਸੇ ਮੈਦਾਨ ਵਿਚ ਉਤਰੇ, ਉਹੀ ਓਹਲੇ ਨਾਲ ਅੱਤਵਾਦੀਆਂ ਦੀ ਮਦਦ ਕਰ ਰਹੇ ਹੋਣ।




Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor-Anil Kumar Garg

# ਕੈਨੇਡਾ ਸਰਕਾਰ ਨੂੰ ਪਉ ਚੁਣੌਤੀਆਂ ਨਾਲ ਸਿੱਝਣਾ! ਰਾਜਸੀ ਸੇਵਾਵਾਂ ’ਚ ਵੇਖਣ ਨੂੰ ਮਿਲ ਰਿਹਾ ਨਿਘਾਰ

ਕੈਨੇਡਾ ਦੇ ਦੂਸਰੇ ਮਹੱਤਵਪੂਰਨ ਸੂਬੇ ਬ੍ਰਿਟਿਸ਼ ਕੋਲੰਬੀਆ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਲਈ ਵੋਟਾਂ 19 ਅਕਤੂਬਰ, 2024 ਨੂੰ ਪਈਆਂ। ਰਾਜ ਵਿਚ ਅਚਾਨਕ ਮੀਂਹ, ਝੱਖੜ, ਦਰਿਆਵਾਂ, ਸ਼ਹਿਰਾਂ ਵਿਚ ਹੜ੍ਹ ਆਉਣ ਅਤੇ ਬਿਜਲੀ ਗੁੱਲ ਹੋਣ ਕਰਕੇ ਵੱਡੀ ਪੱਧਰ ’ਤੇ ਵੋਟਰ ਆਪਣੇ ਮੱਤਦਾਨ ਅਧਿਕਾਰ ਤੋਂ ਵਾਂਝੇ ਪਾਏ ਗਏ। ਇਸ ਕਰਕੇ ਕਰੀਬ 51.4 ਪ੍ਰਤੀਸ਼ਤ ਲੋਕ ਹੀ ਮੱਤਦਾਨ ਕਰ ਸਕੇ। ਵੈਸੇ ਵੀ ਪੱਛਮੀ ਲੋਕਤੰਤਰ ਅੰਦਰ ਮਤਦਾਤਾਵਾਂ ਵਿਚ ਜਿਵੇਂ ਮੱਤਦਾਨ ਪ੍ਰਤੀ ਦਿਲਚਸਪੀ ਘੱਟਦੀ ਜਾ ਰਹੀ ਹੈ, ਇਹ ਇਕ ਚਿੰਤਾ ਦਾ ਵਿਸ਼ਾ ਹੈ। ਇਸ ਕਰਕੇ ਲੋਕਤੰਤਰ ਦੇ ਹਾਮੀ ਪ੍ਰਬੁੱਧ ਬੁੱਧੀਜੀਵੀ, ਚਿੰਤਕ ਅਤੇ ਵਿਸ਼ੇਸ਼ਗ ਇਸ ਗੱਲ ’ਤੇ ਜ਼ੋਰ ਦਿੰਦੇ ਹਨ ਕਿ ਮੱਤਦਾਨ ਹਰ ਨਾਗਰਿਕ ਲਈ ਕਾਨੂੰਨੀ ਤੌਰ ’ਤੇ ਜ਼ਰੂਰੀ ਕੀਤਾ ਜਾਣਾ ਚਾਹੀਦਾ ਹੈ।

ਲੇਕਿਨ ਸੂਬੇ ਦੇ ਇਤਿਹਾਸ ਵਿਚ ਦੂਜੀ ਵਾਰ ਜਿਵੇਂ ਮੱਤਦਾਤਾਵਾਂ ਨੇ ਬੜੇ ਨਪੇ ਤੁਲੇ ਢੰਗ ਨਾਲ ਮੱਤਦਾਨ ਮੁਜ਼ਾਹਰਾ ਕੀਤਾ ਹੈ ਉਸ ਅਨੁਸਾਰ ਆਏ ਨਤੀਜਿਆਂ ਨੇ ਰਾਜਨੀਤੀਵਾਨਾਂ ਨੂੰ ਸੁੰਨ ਕਰ ਕੇ ਰੱਖ ਦਿੱਤਾ ਹੈ। ਰਾਜ ਵਿਚ ਵੀ ਤਕਰੀਬਨ ਐਸਾ ਹੀ ਜਨਤਕ ਫਤਵਾ ਆਇਆ ਸੀ। ਇਸ ਸੂਬੇ ਦੀ ਵਿਧਾਨ ਸਭਾ ਦੀਆਂ ਸੰਨ 2020 ਦੀਆਂ ਚੋਣਾਂ ਵਿਚ 57 ਸੀਟਾਂ ਸਨ ਜੋ ਹਲਕਾ ਪੁਰਨਗਠਨ ਕਮਿਸ਼ਨ ਵੱਲੋਂ 2023 ਵਿਚ ਨਵ-ਹੱਦਬੰਦੀ ਅਨੁਸਾਰ 93 ਸੀਟਾਂ ਕਰ ਦਿੱਤੀਆਂ ਗਈਆਂ। ਰਾਜ ਵਿਚ ਸੱਤਾਧਾਰੀ ਨਿਊ ਡੈਮੋਕ੍ਰੇਟਿਕ ਪਾਰਟੀ (New Democratic Party) ਐਨਡੀਪੀ ਦੇ ਪ੍ਰੀਮੀਅਰ ਡੇਵਿਡ ਐਬੇ ਜੋ 2022 ਤੋਂ ਇਸ ਪਦ ’ਤੇ ਆਸੀਨ ਹਨ, ਆਪਣੀ ਪਾਰਟੀ ਦੀ ਤੀਸਰੀ ਵਾਰ ਲਗਾਤਾਰ ਜਿੱਤ ਦੇ ਨਿਸ਼ਚੈ ਨਾਲ ਚੋਣ ਮੈਦਾਨ ਵਿਚ ਕੁੱਦੇ ਸਨ। ਹੈਰਾਨਗੀ ਦੀ ਗੱਲ ਹੈ ਕਿ ਰਾਜ ਵਿਚ ਮੁੱਖ ਵਿਰੋਧੀ ਧਿਰ ਬਿਟ੍ਰਿਸ਼ ਕੋਲੰਬੀਆ ਯੂਨਾਈਟਿਡ ਪਾਰਟੀ (British Columbia United Party) ਦੀ ਪੁੱਛ ਪ੍ਰਤੀਤ ਘਟਣ ਕਰਕੇ ਚੋਣਾਂ ਵਿਚੋਂ ਅਲੋਪ ਹੋ ਗਈ। ਉਸ ਦੇ ਕੁੱਝ ਕੰਜ਼ਰਵੇਟਿਵ ਪਾਰਟੀ ਵਿਚ ਜਾ ਮਿਲੇ ਅਤੇ ਕੁਝ ਆਜ਼ਾਦ ਖੜ੍ਹੇ ਹੋ ਗਏ। ਪਾਰਟੀ ਆਗੂ ਕੇਵਿਨ ਫਲਕਨ ਹੱਥ ਮਲਦਾ ਰਹਿ ਗਿਆ। ਉਸ ਕੋਲ ਚੋਣ ਮੈਦਾਨ ਵਿਚੋਂ ਹਟਣ ਬਗੈਰ ਕੋਈ ਚਾਰਾ ਨਹੀਂ ਸੀ।

ਸੰਨ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਐਨਡੀਪੀ ਪਾਰਟੀ ਨੇ 57, ਬੀਸੀ ਯੂਨਾਈਟਿਡ ਨੇ 28 ਅਤੇ ਗਰੀਨ ਨੇ ਦੋ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਸੀ। ਐਤਕੀਂ ਐਨਡੀਪੀ ਨੇ 46, ਕੰਜ਼ਰਵੇਟਿਵ ਪਾਰਟੀ ਨੇ 45 ਅਤੇ ਗਰੀਨ ਪਾਰਟੀ ਨੇ 2 ਸੀਟਾਂ ’ਤੇ ਜਿੱਤ ਹਾਸਲ ਕੀਤੀ ਹੈ। ਪੂਰੀ ਸਥਿਤੀ ਆਖਰੀ ਗਿਣਤੀ ਰਾਹੀਂ ਸਪੱਸ਼ਟ ਹੋਵੇਗੀ। ਇਵੇਂ ਸੂਬੇ ਵਿਚ ਬਹੁਤ ਹੀ ਦਿਲਚਸਪ, ਗਰਮਾ ਗਰਮ, ਫਸਵੀਂ ਚੋਣ ਮੁਹਿੰਮ ਸਦਕਾ ਚੋਣ ਨਤੀਜੇ ਚਾਕੂ ਦੀ ਨੋਕ ’ਤੇ ਆ ਖੜ੍ਹੇ ਹਨ। ਰਾਜ ਵਿਚ ਸੱਤਾ ਦੀ ਚਾਬੀ ਗਰੀਨ ਪਾਰਟੀ ਹੱਥ ਆ ਗਈ ਹੈ। ਐਨਡੀਪੀ ਪ੍ਰੀਮੀਅਰ ਡੇਵਿਡ ਐਬੇ ਦਾ ਕਹਿਣਾ ਹੈ ਕਿ ਉਹ ਗਰੀਨ ਪਾਰਟੀ ਆਗੂ ਸੋਨੀਆ ਫਰਸਟੇਨੂੰ ਦੇ ਸੰਪਰਕ ’ਚ ਹਨ। ਉਹ ਚੋਣਾਂ ਵਿਚ ਹਾਰ ਗਈ ਪਰ ਉਸ ਦੇ ਦੋ ਉਮੀਦਵਾਰ ਜਿੱਤ ਗਏ। ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ 87 ਮੈਂਬਰੀ ਹਾਊਸ ਵਿਚ ਐਨਡੀਪੀ ਦੇ 41 ਉਮੀਦਵਾਰ ਜਿੱਤੇ। ਲਿਬਰਲ ਪਾਰਟੀ ਦੇ 43 ਉਮੀਦਵਾਰ ਜਿੱਤੇ ਭਾਵ ਬਹੁਮੱਤ ਤੋਂ ਇੱਕ ਘੱਟ ਜਦਕਿ ਗਰੀਨ ਪਾਰਟੀ ਦੇ ਤਿੰਨ ਉਮੀਦਵਾਰ ਜਿੱਤੇ। 29 ਮਈ, 2017 ਨੂੰ ਐਨ.ਡੀ.ਪੀ. ਆਗੂ ਜਾਹਨ ਰੋਹਗਨ ਨੇ ਗਰੀਨ ਪਾਰਟੀ ਆਗੂ ਐਂਡਰਿਊ ਵੀਵਰ ਨਾਲ ਅਗਲੇ 4 ਸਾਲਾਂ ਲਈ ਹਮਾਇਤ ਦੇਣ ਦਾ ਸਮਝੌਤਾ ਕਰ ਲਿਆ।

ਕੈਨੇਡਾ ਵਿਚ ਹਾਊਸ ਆਫ ਕਾਮਨਜ਼ (8✪☨↔✤ ✪✤ 3✪✡✡✪✪↔) ਅਤੇ ਸੂਬਾਈ ਵਿਧਾਨ ਸਭਾਵਾਂ (ਪ੍ਰੋਵਿਸ਼ੀਅਲ ਪਾਰਲੀਮੈਂਟ) (♦☛✪✂✪✪✲✪▲✪ 1↔↔✤✡✡✪✪✤↔) ਦਾ ਕਾਰਜ ਕਾਲ ਸੰਵਿਧਾਨ ਅਨੁਸਾਰ 4 ਸਾਲ ਦਾ ਮਿੱਥਿਆ ਹੋਇਆ ਹੈ। ਇਵੇਂ ਲਿਬਰਲ ਪਾਰਟੀ ਦੇ ਜਬਾੜ੍ਹੇ ਵਿਚੋਂ ਸੱਤਾ ਖੋਹ ਕੇ ਐਨ.ਡੀ.ਪੀ. ਪਾਰਟੀ ਨੇ ਕਬਜ਼ਾ ਜਮਾ ਲਿਆ। ਇਸ ਨੂੰ ਕਹਿੰਦੇ ਨੇ ‘ਲਾ ਕੇ ਤੇਰੇ ਦੰਦਾਂ ਵਿਚ ਮੇਖਾਂ ਤੇ ਮੌਜ ਸੁਨਿਆਰਾ ਲੈ ਗਿਆ।’ ਹੁਣ ਵੀ ਸਥਿਤੀ ਉਹੀ ਹੈ। ਵੇਖੋ ਕੌਣ ਕਿਸ ਦੇ ਦੰਦਾਂ ਵਿਚ ਮੇਖਾਂ ਲਾਉਂਦਾ? ਰਾਜਨੀਤੀ ਵਿਚ ਕੁੱਝ ਵੀ ਸੰਭਵ ਹੈ, ਪਰ ਲੱਗਦਾ ਇੰਝ ਹੈ ਵਿਚਾਰਧਾਰਕ ਵਿਰੋਧ ਕਰਕੇ ਗਰੀਨ ਪਾਰਟੀ, ਐਨਡੀਪੀ ਨਾਲ ਸਮਝੌਤੇ ਲਈ ਰਾਜ਼ੀ ਹੋ ਜਾਵੇਗੀ।

**ਦੋ ਬੀ ਸੀਜ਼ ਦਾ ਉੱਭਰਨਾ** * ਬਟ੍ਰਿਸ਼ ਕੋਲੰਬੀਆ ਰਾਜ ਵਿਚ ਇਨ੍ਹਾਂ ਚੋਣਾਂ ਵਿਚ ਤਿੱਖੇ ਵਿਰੋਧ ਅਤੇ ਚੋਣ ਨਤੀਜਿਆਂ ਸਾਬਤ ਕਰ ਦਿੱਤਾ ਹੈ ਕਿ ਇਹ ਸੂਬਾ ਦੋ ਖਿੱਤਿਆਂ ਵਿਚ ਵੰਡਿਆ ਗਿਆ ਹੈ। ਐਨ. ਡੀ. ਪੀ. ਤੱਟੀ ਖੇਤਰਾਂ, ਹੇਠਲੇ ਮੁੱਖ ਇਲਾਕੇ ਅਤੇ ਵੈਨਕੂਵਰ ਵਿਚ ਭਾਰੂ ਨਜ਼ਰ ਆਈ। ਕੰਜ਼ਰਵੇਟਿਵਾਂ ਦਾ ਬੋਲਬਾਲਾ ਅੰਦਰੂਨੀ ਭਾਗਾਂ ਅਤੇ ਲੋਅਰ ਮੁੱਖ ਇਲਾਕੇ ਦੇ ਉੱਪ ਨਗਰਾਂ ਵਿਚ ਵੇਖਣ ਨੂੰ ਮਿਲਿਆ।

ਵਿਚਾਰਧਾਰਕ ਤੌਰ ’ਤੇ ਕੰਜ਼ਰਵੇਟਿਵ ਆਜ਼ਾਦ ਉੱਦਮ ਨਿਵੇਸ਼ਕਾਰੀ ਦੀ ਸਮਰਥਕ ਹੈ ਜਦ ਕਿ ਐਨ. ਡੀ. ਪੀ. ਜਨਤਕ ਭਲਾਈ ਨੂੰ ਸਮਰਪਿਤ ਪਾਰਟੀ ਹੈ। ਗੰਨ ਕੰਟਰੋਲ, ਵਾਤਾਵਰਨ ਸੰਭਾਲ, ਸਥਾਨਿਕ ਮੂਲ ਦੇ ਲੋਕਾਂ ਨਾਲ ਮੇਲ-ਜੋਲ ਅਤੇ ਸੁੱਲ੍ਹਾ ਸਫ਼ਾਈ ਮੁੱਦਿਆਂ ਕਰਕੇ ਲਿਬਰਲ ਪੱਖੀ ਲੋਕਾਂ ਨੇ ਐਨ. ਡੀ. ਪੀ. ਦੀ ਪਿੱਠ ਠੋਕੀ। ਇਸ ਵਾਰ ਭਾਰਤੀ ਚੋਣਾਂ ਵਾਂਗ ਇਕ ਦੂਜੀ ਪਾਰਟੀ ਤੋਂ ਇਲਾਵਾ ਨਿੱਜੀ ਚਰਿੱਤਰ ’ਤੇ ਚਿੱਕੜ ਉਛਾਲੀ ਰੱਜ ਕੇ ਹੋਈ। ਪਾਪੂਲਿਸਟ ਪ੍ਰੋਗਰਾਮਾਂ ਦੀ ਝੜੀ ਲਗਾਈ ਗਈ। ਇਨ੍ਹਾਂ ਚੋਣਾਂ ਵਿਚ ਸਥਾਨਕ ਮੂਲ ਨਿਵਾਸੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਐਨ. ਡੀ. ਪੀ. ਨੇ 7 ਕੰਜ਼ਰਵੇਟਿਵਾਂ ਨੇ 2 ਅਤੇ ਗਰੀਨ ਪਾਰਟੀ ਨੇ 2 ਉਮੀਦਵਾਰ ਇਸ ਭਾਈਚਾਰੇ ਦੇ ਖੜ੍ਹੇ ਕੀਤੇ। ਇਨ੍ਹਾਂ ਚੋਣਾਂ ਵਿਚ ਪੰਜਾਬੀ ਭਾਈਚਾਰੇ ਨੇ ਇਤਿਹਾਸਕ ਤਹਿਲਕਾ ਮਚਾਇਆ। ਕੈਨੇਡਾ ਦੇ ਓਨਟਾਰੀਓ ਸੂਬੇ ਵਿਚ ਸਭ ਤੋਂ ਵੱਧ ਪੰਜਾਬੀਆਂ ਦੀ ਆਬਾਦੀ ਹੈ। ਕਰੀਬ 4 ਲੱਖ ਪੰਜਾਬੀ ਸੂਬੇ ਦੀ ਆਬਾਦੀ ਦਾ 2.8 ਪ੍ਰਤੀਸ਼ਤ ਹਨ। ਦੂਸਰੇ ਨੰਬਰ ਤੇ 315000 ਪੰਜਾਬੀ ਬੀ. ਸੀ. ਵਿਚ ਵੱਸਦੇ ਹਨ ਜੋ ਸੂਬੇ ਦੀ ਆਬਾਦੀ ਦਾ 6.4 ਪ੍ਰਤੀਸ਼ਿਤ ਹਿੱਸਾ ਹੈ।




**ਪੰਜਾਬੀ ਮੂਲ ਦੇ 14 ਵਿਅਕਤੀ ਬਣੇ ਵਿਧਾਨਕਾਰ** :93 ਮੈਂਬਰੀ ਵਿਧਾਨ ਸਭਾ ਵਿਚ ਪੰਜਾਬੀ ਮੂਲ ਦੇ 14 ਵਿਅਕਤੀਆਂ ਜਿਨ੍ਹਾਂ ਵਿਚ 8 ਮਰਦ ਅਤੇ 6 ਔਰਤਾਂ ਸ਼ਾਮਲ ਹਨ, ਵਿਧਾਨਕਾਰ ਬਣੇ। ਐਨ. ਡੀ. ਪੀ. ਨਾਲ ਸਬੰਧਿਤ 9 ਜਿਵੇਂ ਰਾਜ ਚੌਹਾਨ 6 ਵੀਂ ਵਾਰ ਬਰਨਬਾਈ ਵੈਸਟ ਮਨਿਸਟਰ ਤੋਂ, ਜੈਸੀ ਸੁਨਰ ਸਰੀ ਨਿਊਟਨ, ਰਾਜ ਮੰਤਰੀ ਰਹੇ ਜਗਰੂਪ ਬਰਾੜ 7ਵੀਂ ਵਾਰ ਸਰੀ ਫਲੀਟਵੁੱਡ, ਰਵੀ ਕਾਹਲੋਂ ਸਾਬਕਾ ਮੰਤਰੀ ਡੈਲਟਾ ਨਾਰਥ, ਨਿੱਕੀ ਸ਼ਰਮਾ ਸਾਬਕਾ ਅਟਾਰਨੀ ਜਨਰਲ ਵੈਨਕੂਵਰ ਹੇਸ਼ਟਿੰਗਜ਼, ਰੀਆ ਅਰੋੜਾ ਬਰਨਬਾਈ ਈਸਟ, ਹਰਵਿੰਦਰ ਸੰਧੂ ਵਰਨਨ ਮੋਨਾਸ਼ੀ ਤੋਂ ਦੂਜੀ ਵਾਰ, ਸੁਨੀਤਾ ਧੀਰ ਲੰਗਾਰ (ਵੈਨਕੂਵਰ) ਰਵੀ ਪਰਮਾਰ ਲੈਂਗਫੋਰਡ ਹਾਈਲੈਂਡ, ਤੋਂ ਜਿੱਤੇ। ਕੰਜ਼ਰਵੇਟਿਵ ਪਾਰਟੀ ਨਾਲ ਸਬੰਧਿਤ 5 ਪੰਜਾਬੀ, ਮਨਦੀਪ ਧਾਲੀਵਾਲ ਸਰੀ (ਉੱਤਰ), ਹਨਵੀਰ ਰੰਧਾਵਾ ਸਰੀ ਗਿੱਲਫੋਰਡ, ਜੋਧੀ ਤੂਰ ਲੈਂਗਲੇ, ਸਟੀਵ ਭੂਨਰ ਰਿਚਮੰਡ ਕੁਈਨਬੋਰੋ, ਹਰਮਨ ਭੰਗੂ ਲੈਂਗਲੇ ਐਬਟਸਫੋਰਡ ਤੋਂ ਜਿੱਤੇ।

**ਚੋਣਾਂ ’ਚ ਹਾਰਨ ਵਾਲੇ ਚਿਹਰੇ** : ਹਾਰਨ ਵਾਲਿਆਂ ਵਿਚ ਪ੍ਰਮੁੱਖ ਤੌਰ ’ਤੇ ਸਾਬਕਾ ਸਿੱਖਿਆ ਮੰਤਰੀ ਰਚਨਾ ਸਿੰਘ, ਸਾਬਕਾ ਵਿਧਾਇਕ ਜਿੰਨੀ ਸਿਮਜ ਅਤੇ ਅਮਨ ਸਿੰਘ ਤੋਂ ਇਲਾਵਾ ਬਲਤੇਜ ਢਿੱਲੋਂ, ਤੇਜੋਤ ਬੱਲ, ਸਿੰਮ ਸੰਧੂ, ਦੀਪਕ ਸੂਰੀ, ਅਵਤਾਰ ਗਿੱਲ, ਕਿਰਨ ਹੁੰਦਲ, ਧਰਮ ਕਾਜਲ, ਜੰਗ ਸਿੰਘ ਸੰਘੇੜੇ, ਸਾਮ ਅੱਟਵਾਲ, ਕਮਲ ਗਰੇਵਾਲ, ਸਾਰਾਹ ਕੂਨਰ, ਮਨਜੀਤ ਸਹੋਤਾ ਆਦਿ ਸ਼ਾਮਿਲ ਹਨ।

ਮਹਿੰਗਾਈ, ਸਿਹਤ ਸਿਸਟਮ, ਸੁਰੱਖਿਆ, ਅਪਰਾਧੀ ਹਿੰਸਕ ਗਰੁੱਪਾਂ, ਗੰਨ ਕੰਟਰੋਲ, ਨਸ਼ੀਲੇ ਪਦਾਰਥਾਂ ਦੀ ਬੇਰੋਕਟੋਕ ਵਿੱਕਰੀ ਪਰਵਾਸੀ ਵਿਦਿਆਰਥੀਆਂ, ਕਾਰਬਨ ਟੈਕਸ, ਘਰਾਂ ਦੀ ਘਾਟ, ਕੀਮਤਾਂ ਵਿਚ ਅਸੀਮ ਵਾਧਾ, ਆਮਦਨ ਟੈਕਸ, ਬਜਟ ਘਾਟਾ ਅਗਲੀ ਘੱਟ ਗਿਣਤੀ ਸਰਕਾਰ ਲਈ ਵੱਡੀਆਂ ਚੁਣੌਤੀਆਂ ਹਨ। ਵੇਖੋ ਨਵੀਂ ਸਰਕਾਰ ਕਿਵੇਂ ਨਜਿੱਠਦੀ ਹੈ ਜਾਂ ਫਿਰ ਛੇਤੀ ਮੂੰਹਭਾਰ ਡਿੱਗਦੀ ਹੈ।

**ਕੈਨੇਡੀਅਨ ਸਥਿਤੀ** : ਕੈਨੇਡਾ ਅੰਦਰ ਕੋਵਿਡ-19 ਮਹਾਂਮਰੀ ਬਾਅਦ ਸਨਅਤੀ, ਖੇਤੀ, ਕਲ-ਪੁਰਜਿਆਂ, ਫੂਡ ਪ੍ਰਾਸੈਸਿੰਗ ਸਬੰਧੀ ਪੈਦਾਵਾਰ ਘਟੀ ਹੈ। ਕਾਰੋਬਾਰਾਂ ਵਿਚ ਮੰਦੀ ਦਾ ਦੌਰ ਚੱਲ ਰਿਹਾ ਹੈ। ਬੇਰੋਜ਼ਗਾਰੀ ਵਧੀ ਹੈ। ਕੈਨੇਡੀਅਨ ਨਾਗਰਿਕਾਂ ਲਈ ਰੋਜ਼ਗਾਰ ਦੇ ਮੌਕੇ ਘਟ ਰਹੇ ਹਨ। ਇਸ ਦਾ ਕਾਰਨ ਉਹ ਪਰਵਾਸੀ ਲੋਕਾਂ ਵੱਲੋਂ ਰੋਜ਼ਗਾਰਾਂ ਦਾ ਹਥਿਆਉਣਾ ਸਮਝਦੇ ਹਨ। ਕੈਨੇਡੀਆਂ ਰਾਜਾਂ ਵਿਚ ਅਪਰਾਧਾਂ, ਹਿੰਸਾ, ਲੁੱਟਾਂ-ਖੋਹਾਂ, ਮਾਰ-ਧਾੜ, ਕਾਨੂੰਨ ਦੀ ਉਲੰਘਣਾ ਦੇ ਮਾਮਲਿਆਂ ਵਿਚ ਹੋ ਰਿਹਾ ਲਗਾਤਾਰ ਵਾਧਾ ਚਿੰਤਾਜਨਕ ਹੈ।

**ਦਫ਼ਤਰਾਂ ’ਚ ਫਾਈਲਾਂ ਨਜ਼ਰ-ਅੰਦਾਜ਼** : ਰਾਜਸੀ ਸੇਵਾਵਾਂ ਵਿਚ ਨਿਘਾਰ ਵੇਖਣ ਨੂੰ ਮਿਲ ਰਿਹਾ ਹੈ। ਮੇਅਰ, ਕੈਬਨਿਟ ਮੰਤਰੀ, ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਦੇ ਦਫਤਰਾਂ ਵਿਚ ਫਾਈਲਾਂ ਨਜ਼ਰ ਅੰਦਾਜ਼ ਹੁੰਦੀਆਂ ਵੇਖੀਆਂ ਜਾਂਦੀਆਂ ਹਨ। ਪਹਿਲਾਂ ਅਜਿਹਾ ਕਦਾਚਿਤ ਮੁਮਕਿਨ ਨਹੀਂ ਸੀ। ਤੀਸਰੀ ਵਾਰ ਦੇਸ਼ ਅੰਦਰ ਬਣਿਆ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਆਪਣੇ ਹੱਥਾਂ ਵਿਚ ਸ਼ਕਤੀਆਂ ਕੇਂਦਰਤ ਕਰਦਾ ਦਿਸ ਰਿਹਾ ਹੈ। ਕੈਬਨਿਟ ਮੰਤਰੀਆਂ ਨੂੰ ਗਧੇ ਸਮਝਦਾ ਨਜ਼ਰ ਆ ਰਿਹਾ ਹੈ। ਉਹ ਇਸ ਵਹਿਮ ਦਾ ਸ਼ਿਕਾਰ ਹੈ ਕਿ ਉਹ ਭਾਵੇਂ ਨਹੀਂ ਜਿੱਤੇਗਾ। ਪਰ 2025 ਵਿਚ ਹੋਣ ਵਾਲੀਆਂ ਚੋਣਾਂ ਵਿਚ ਵਿਰੋਧੀ ਕੰਜਰਵੇਟਿਵ ਪਾਰਟੀ ਆਗੂ ਪੈਰੇ ਪੋਲੀਵਰ ਦੀ ਹਾਰ ਉਸ ਨੂੰ ਜਿੱਤ ਵੱਲ ਧਕੇਲ ਦੇਵੇਗੀ।

**ਕੱਟੜਵਾਦ ’ਚ ਹੋ ਰਿਹਾ ਵਾਧਾ** : ਐਸੀ ਗ਼ੈਰ ਜ਼ਿੰਮੇਵਾਰ ਸਰਕਾਰ ਅਤੇ ਪ੍ਰਧਾਨ ਮੰਤਰੀ ਬਿਲਕੁਲ ਚੌਕਸ ਨਜ਼ਰ ਨਹੀਂ ਆ ਰਹੇ ਕਿ ਕੈਨੇਡਾ ਕਿਵੇਂ ਪਰਵਾਸ, ਨਸਲਵਾਦ, ਜਾਤੀਵਾਦ, ਇਲਾਕਾਵਾਦ, ਭਾਸ਼ਾਵਾਦ, ਧਾਰਮਿਕ ਕੱਟੜਵਾਦ ਸਬੰਧੀ ਤਣਾਅ ਭਰੇ ਮਾਹੌਲ ਵਿੱਚੋਂ ਗੁਜ਼ਰ ਰਿਹਾ ਹੈ। ਭਾਰਤੀ ਪਿਛੋਕੜ ਦੇ ਖਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਝਰ ਦਾ ਭਾਰਤੀ ਏਜੰਸੀਆਂ ਵੱਲੋਂ ਚਿੱਟੇ ਦਿਨ 18 ਜੂਨ, 2023 ਨੂੰ ਕਤਲ ਕੀ ਕੈਨੇਡੀਅਨ ਚੌਕਸੀ ਅਤੇ ਸੁਰੱਖਿਆ ਪ੍ਰਬੰਧਾਂ ਦੀ ਨਾਲਾਇਕੀ ਨਹੀਂ ਸੀ? ਕੈਨੇਡਾ ਦੀ ਧਰਤੀ ’ਤੇ ਵੱਖ-ਵੱਖ ਨਸਲਵਾਦੀ, ਧਾਰਮਿਕ, ਭਾਸ਼ਾਈ, ਪ੍ਰਸ਼ਾਸਨਿਕ ਕੱਟੜਵਾਦ ਵਿਚ ਵਾਧਾ ਹੋ ਰਿਹਾ ਹੈ। ਅਬਾਕੁਸ-2023 ਪੋਲ ਸਰਵੇ ਅਨੁਸਾਰ ਪਤਾ ਚੱਲਦਾ ਹੈ ਕਿ ਦੋ ਤਿਹਾਈ ਕੈਨੇਡੀਅਨ ਮੰਨਦੇ ਹਨ ਕਿ ਇੱਥੇ ਵੱਖ-ਵੱਖ ਨਸਲਾਂ ਦੇ ਪਰਵਾਸੀਆਂ ਦੀ ਭਰਮਾਰ ਹੈ।

**ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹਨਾ** : ਘਰਾਂ ਦੀਆਂ ਕੀਮਤਾਂ ਅਸਮਾਨੀ ਚੜ੍ਹਨਾ, ਘਰ ਖ਼ਰੀਦ ਕੈਨੇਡੀਅਨ ਨਾਗਰਿਕਾਂ ਦੀ ਪਹੁੰਚ ਤੋਂ ਬਾਹਰ ਹੋਣਾ, ਬੇਘਰਿਆਂ ਦੀ ਤਦਾਦ ਵਿਚ ਵਾਧਾ ਹੋਣਾ, ਸਾਲਾਂ ਬੱਧੀ ਪਰਿਵਾਰਾਂ ਨੂੰ ਡਾਕਟਰ ਅਲਾਟ ਨਾ ਹੋਣਾ, ਐਮਰਜੈਂਸੀ ਵਿਚ ਬੱਚੇ, ਬੁੱਢਿਆਂ, ਅਪਾਹਜਾਂ ਨੂੰ 8-10 ਘੰਟੇ ਉਡੀਕ ਕਰਨੀ ਪੈਣੀ, ਸਾਲਾਂ ਬੱਧੀ ਸਰਜਰੀਆਂ ਅੱਗੇ ਪਾਉਣਾ, ਪਰਵਾਸੀਆਂ ਵੱਲੋਂ ਘੱਟ ਉਜਰਤ ਤੇ ਕੰਮ ਕਰਨ ਕਰ ਕੇ ਕੈਨੇਡੀਅਨ ਨਾਗਰਿਕਾਂ ਦਾ ਹੱਕ ਮਾਰਿਆ ਜਾਣ ਆਦਿ ਕਰਕੇ ਦੇਸ਼ ਵਿਚ ਭੈੜੀ ਬੇਚੈਨੀ ਪੈਦਾ ਹੋ ਰਹੀ ਹੈ। ਸਥਿਤੀ ਵਿਸਫੋਟਕ ਰੂਪ ਧਾਰਨ ਕਰ ਰਹੀ ਹੈ, ਕਿਸੇ ਵੇਲੇ ਵੀ ਧਮਾਕੇ ਨਾਲ ਫਟ ਸਕਦੀ ਹੈ।

**ਪਾਬੰਦੀ ਵਿਰੁੱਧ ਗੁੱਸੇ ਦੀ ਲਹਿਰ** : ਕਿਊਬੈਕ ਵਿਖੇ ਫਰੈਂਚ ਕਿਊਬੈਕ ਬਲਾਕ ਸਰਕਾਰ ਵਲੋਂ ਬਿਕ-21 ਸੰਨ 2019 ਜਿਸ ਨੂੰ ਕਿਊਬੈਕ ਕੋਰਟ ਆਫ ਅਪੀਲ ਨੇ ਵੀ ਫਰਵਰੀ, 2024 ਵਿਚ ਸਹੀ ਠਹਿਰਾਇਆ ਅਨੁਸਾਰ ਹਰ ਧਰਮ ਦੇ ਲੋਕਾਂ ਤੇ ਸਰਕਾਰੀ ਦਫਤਰਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ ਤੇ ਪਾਬੰਦੀ ਕਰਕੇ ਸਿੱਖਾਂ, ਮੁਸਲਮਾਨਾਂ, ਯਹੂਦੀਆਂ, ਹਿੰਦੂਆਂ, ਈਸਾਈਆਂ ਵਿਚ ਗੁੱਸੇ ਭਰਿਆ ਮਾਹੌਲ ਪੈਦਾ ਕਰ ਰੱਖਿਆ ਹੈ।

ਐਨ. ਡੀ. ਪੀ. ਸੁਪਰੀਮੋ ਜਗਮੀਤ ਸਿੰਘ ਵਲੋਂ ਵਿਰੋਧ ਜਿਤਾਉਣ ਤੇ ਕਿਊਬੈਕ ਸਰਕਾਰ ਨੇ ਸਾਫ਼ ਕਹਿ ਦਿੱਤਾ ਕਿ ਜੇ ਤੁਸੀਂ ਵੀ ਸੂਬੇ ਵਿਚ ਸਰਕਾਰੀ ਨੌਕਰੀ ਕਰਨੀ ਚਾਹੋਗੇ ਤਾਂ ਪੱਗੜੀ, ਕੜਾ, ਸ੍ਰੀ ਸਾਹਿਬ ਉਤਾਰਨੀ ਪਵੇਗੀ। ਪ੍ਰਧਾਨ ਮੰਤਰੀ ਟਰੂਡੋ ਦੇ ਵਿਰੋਧ ਨੂੰ ਵੀ ਨਕਾਰ ਦਿੱਤਾ।

**ਕੰਜ਼ਰਵੇਟਿਵਾਂ ਦਾ ਅਚਾਨਕ ਉਭਰਨਾ** : ਬਿਟ੍ਰਿਸ਼ ਕੋਲੰਬੀਆ ਦੀ ਰਾਜਨੀਤੀ ਵਿਚ ਅਚਾਨਕ ਕੰਜ਼ਰਵੇਟਿਵ ਪਾਰਟੀ ਦਾ ਉਭਰਨਾ ਬਿਲਕੁਲ ਕੁਝ ਅਚੰਭੇ ਵਰਗਾ ਹੈ। ਇਸ ਦਾ ਅਜੋਕਾ ਆਗੂ ਜਾਹਨ ਰਸਟਾਡ ਬਹੁਤ ਪੁਰਾਣਾ ਖਿਲਾੜੀ ਹੈ। ਸੰਨ 1951 ਵਿਚ ਡਬਲਯੂ ਏ ਸੀ ਬੈਨੇਟ ਕੰਜ਼ਰਵੇਟਿਵ ਤੋਂ ਵੱਖ ਹੋ ਕੇ ਆਜ਼ਾਦ ਵਿਧਾਇਕ ਵਜੋਂ ਅਸੈਂਬਲੀ ਵਿਚ ਬੈਠ ਗਿਆ ਸੀ। ਸੰਨ 1952 ਦੀਆਂ ਚੋਣਾਂ ਵਿਚ ਉਸ ਦੀ ਅਗਵਾਈ ਵਿਚ ਸ਼ੋਸ਼ਲ ਕ੍ਰੈਡਿਟ ਪਾਰਟੀ ਅਚਾਨਕ ਖੁੰਭ ਵਾਂਗ ਉਗ ਖਲੋਤੀ। ਉਸ ਨੇ ਲਿਬਰਲਾਂ ਅਤੇ ਕੰਜ਼ਰਵੇਟਿਵਾਂ ਨੂੰ ਇਕ ਸੀਟ ਨਾਲ ਪਛਾੜ ਦਿੱਤਾ। ਫਿਰ ਪੂਰੇ 20 ਸਾਲ ਬੀ.ਸੀ.ਵਿਚ ਸ਼ਾਸਨ ਕੀਤਾ। ਇਵੇਂ ਹੀ ਜਾਹਨ ਰਸਟਾਡ ਲਿਬਰਲਾਂ ਨਾਲੋਂ ਵੱਖ ਹੋ ਕੇ ਆਜ਼ਾਦ ਵਿਧਾਇਕ ਵਜੋਂ ਬੈਠ ਗਿਆ। ਕੰਜ਼ਰਵੇਟਿਵਾਂ ਦਾ ਆਗੂ ਬਣਨ ਤੋਂ ਪਹਿਲਾਂ ਕੰਜ਼ਰਵੇਟਿਵਾਂ ਬੀ.ਸੀ. ਵਿਚ ਸੰਨ 1928 ਚੋਣ ਜਿੱਤੀ ਸੀ। ਪਿਛਲੇ 50 ਸਾਲ ਉਨ੍ਹਾਂ ਰਾਜ ਵਿਚ ਇਕ ਸੀਟ ਵੀ ਨਹੀਂ ਸੀ ਜਿੱਤੀ। ਐਤਕੀਂ ਅਚਾਨਕ ਉਸ ਨੇ ਫੈਡਰਲ ਪੱਧਰ ’ਤੇ ਕੰਜ਼ਰਵੇਟਿਵਾਂ ਨਾਲ ਤਾਲਮੇਲ ਕਰਕੇ ਰਾਜ ਵਿਚ ਰਾਜਨੀਤਕ ਭੂਚਾਲ ਲੈ ਆਂਦਾ। ਇਸ ਭੂਚਾਲ ਦਾ ਇਹ ਅਸਰ ਵੇਖਣ ਨੂੰ ਮਿਲਿਆ ਕਿ ਵੇਖਦੇ-ਵੇਖਦੇ ਰਾਜ ਵਿਚ ਮੁੱਖ ਰਾਜਨੀਤਕ ਵਿਰੋਧੀ ਧਿਰ ਖੱਖੜੀ ਖੱਖੜੀ ਹੋ ਕੇ ਬਿੱਖਰ ਗਈ। ਇਸ ਪਾਰਟੀ ਨੂੰ ਸੱਤਾ ਵਿਚ ਪਰਤਣ ਦਾ ਪੂਰਾ ਭਰੋਸਾ ਸੀ ਪਰ ਅਚਾਨਕ ਬਾਰਸ਼, ਹੜ੍ਹਾਂ, ਬਿਜਲੀ ਗੁੱਲ ਹੋਣ, 71000 ਦੇ ਕਰੀਬ ਵੋਟਾਂ ਆਜ਼ਾਦ ਅਤੇ ਗ਼ੈਰ ਸਬੰਧਿਤ ਉਮੀਦਵਾਰਾਂ ਵਲੋਂ ਪ੍ਰਾਪਤ ਕਰਨ ਕਰਕੇ ਇਸ ਨੂੰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ। ਪਾਰਟੀ ਅੰਦਰ ਅੰਦਰੂਨੀ ਖਿਚੋਤਾਣ ਨੇ ਵੀ ਨੁਕਸਾਨ ਕੀਤਾ। ਵਧੀਆ ਮੌਕਾ ਸੀ ਲੋਕ ਸੱਤਾਧਾਰੀ ਐਨਡੀਪੀ ਤੋਂ ਦੁਖੀ ਸਨ। ਰਾਜ ਵਿਚ 9 ਬਿਲੀਅਨ ਡਾਲਰ ਦਾ ਬਜਟ ਘਾਟਾ, ਘਰਾਂ ਅਤੇ ਕਿਰਾਇਆਂ ਦੀਆਂ ਕੀਮਤਾਂ ਦਾ ਅਸਮਾਨੀ ਚੜ੍ਹਨਾ, ਮਹਿੰਗਾਈ ਕਰਕੇ ਲੋਕਾਂ ਦਾ ਨਿਰਵਾਹ ਔਖਾ ਹੋਣਾ। ਨਸ਼ੀਲੇ ਪਦਾਰਥਾਂ ਅਤੇ ਗੈਂਗਸਟਰਵਾਦ ਵਿਚ ਵਾਧਾ ਹੋਣਾ, ਰਾਜ ਵਿਚ ਅਪਰਾਧ ਵਧਣਾ, ਸਿਹਤ ਦਾ ਇੰਤਜ਼ਾਮ ਨਾਕਸ ਹੋਣਾ ਆਦਿ ਕਰਕੇ ਸੱਤਾ ਵਿਰੋਧੀ ਲਹਿਰ ਸੀ। ਕੰਜ਼ਰਵੇਟਿਵ ਆਗੂ ਰਸਟਾਡ ਹਾਰ ਕੇ ਆਪਣੇ ਮਾਸ ਨੂੰ ਦੰਦੀਆਂ ਵੱਢ ਰਿਹਾ ਹੈ। ਉਸ ਨੇ ਸਪੱਸ਼ਟ ਐਨਡੀਪੀ ਨੂੰ ਚੁਣੌਤੀ ਦਿੰਦੇ ਕਿਹਾ ਕਿ ਉਹ ਰਾਜ ਵਿਚ ਘੱਟ ਗਿਣਤੀ ਸਰਕਾਰ ਨਹੀਂ ਚੱਲਣ ਦੇਣਗੇ।

**ਕੈਨੇਡਾ ਜ਼ਰਾ ਸੰਭਲ ਕੇ!** : ਪੂਰਾ ਵਿਸ਼ਵ ਜਾਣਦਾ ਹੈ ਕਿ ਕੈਨੇਡਾ ਇਸ ਧਰਤੀ ’ਤੇ ਉੱਤਰੀ ਅਮਰੀਕਾ ਮਹਾਂਦੀਪ ਵਿਚ ਇਕ ਖ਼ੂਬਸੂਰਤ, ਵਿਸ਼ਾਲ, ਵਿਕਸਤ ਅਤੇ ਨਿਵੇਕਲੀ ਕਿਸਮ ਦਾ ਦੇਸ਼ ਹੈ। ਖੇਤਰਫ਼ਲ ਪੱਖੋਂ ਰੂਸ ਤੋਂ ਬਾਅਦ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਵਧੀਆ ਜੀਵਨ ਜਿਊਣ ਦੀ ਸੂਚੀ ਵਾਲੇ ਦੇਸ਼ਾਂ ਵਿਚ ਇਸ ਦਾ ਚੌਥਾ ਸਥਾਨ ਹੈ। ਅਮਰੀਕਾ ਦੇ ਉੱਤਰ ਵਿਚ ਵਿਸ਼ਵ ਦੀ ਸਭ ਦੇਸ਼ਾਂ ਨਾਲੋਂ ਲੰਬੀ 8891 ਕਿਲੋਮੀਟਰ ਸਰਹੱਦ ਤੱਕ ਪਸਰਿਆ ਹੋਇਆ ਹੈ ਜੋ 13 ਅਮਰੀਕੀ ਅਤੇ 8 ਕੈਨੇਡੀਅਨ ਸੂਬਾਈ ਖੇਤਰਾਂ ਨਾਲ ਖਹਿੰਦੀ ਹੈ। ਕੈਨੇਡਾ ਦੀ ਆਬਾਦੀ ਨੇੜ ਦੇ ਭਵਿੱਖ ਵਿਚ 4 ਕਰੋੜ ਦਾ ਅੰਕੜਾ ਛੂਹਣ ਵਾਲੀ ਹੈ। ਅਬਾਦੀ, ਸੁਰੱਖਿਆ, ਆਰਥਿਕਤਾ, ਪੈਦਾਵਾਰ, ਖ਼ੁਸ਼ਹਾਲੀ, ?ਬਹਤਰੀਨ ਜੀਵਨ ਪੱਧਰ ਸਬੰਧੀ ਮਾਹਿਰਾਂ ਦੀ ਖੋਜ ਦਰਸਾਉਂਦੀ ਹੈ ਕਿ ਕੈਨੇਡਾ ਤਾਂ ਵਿਸ਼ਵ ਅੰਦਰ ਨੰਬਰ ਇੱਕ ਪੁਜ਼ੀਸ਼ਨ ’ਤੇ ਖੜ੍ਹਾ ਹੋ ਸਕਦਾ ਹੈ ਜੇਕਰ ਇਸ ਦੀ ਆਬਾਦੀ ਘੱਟੋ ਘੱਟ 10 ਕਰੋੜ ਹੋ ਜਾਵੇ।

ਕੈਨੇਡਾ ਇੱਕ ਬਹੁ ਨਸਲੀ, ਬਹੁ ਧਰਮੀ, ਬਹੁ ਖੇਤਰੀ, ਬਹੁ ਭਾਸ਼ੀ ਬਹੁ ਰੰਗੀ, ਬਹੁ ਸਭਿਆਚਾਰਾਂ ਵਾਲਾ ਦੇਸ਼ ਹੈ। ਬ੍ਰਿ ?ਟਸ਼ਰਾਂ ਦੇ ਆਗਮਨ ਤੋਂ ਪਹਿਲਾਂ ਇੱਥੇ ਬਹੁ ਭਾਸ਼ੀ, ਬਹੁ ਖੇਤਰਾਂ, ਬਹੁ ਸਭਿਆਚਾਰਾਂ ਅਤੇ ਬਹੁ ਮਾਨਤਾਵਾਂ ਵਾਲੇ ਸਥਾਨਕ ਲੋਕ ਰਹਿੰਦੇ ਸਨ। ਬ੍ਰਿਟਿਸ਼ ਹਕੂਮਤ ਅਤੇ ਹਾਕਮਾਂ ਦੀਆਂ ਉਨ੍ਹਾਂ ਪ੍ਰਤੀ ਨਫ਼ਰਤੀ, ਨਾਂਹ-ਪੱਖੀ ਅਤੇ ਮਾਰੂ ਨੀਤੀਆਂ ਕਰਕੇ ਉਨ੍ਹਾਂ ਦੀ ਹਾਲਤ ਬਦਤਰ ਹੁੰਦੀ ਗਈ। ਉਨ੍ਹਾਂ ਦੀਆਂ ਨਸਲਾਂ, ਭਾਸ਼ਾਵਾਂ, ਸੱਭਿਆਚਾਰਾਂ ਦੇ ਵਿਕਾਸ ਨੂੰ ਕੁਚਲਣ ਦੀ ਅਤਿ ਦਰਿੰਦਗੀ ਭਰੀ ਅਣਮਨੁੱਖੀ ਦਾਸਤਾ ਹੈ ਜਿਸ ਵਿਚ ਈਸਾਈ ਮਿਸ਼ਨਰੀਆਂ ਅਤੇ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ ਨੇ ਅਪਰਾਧਿਕ ਅਤੇ ਮੁਜ਼ਰਮਾਨਾ ਰੋਲ ਅਦਾ ਕੀਤਾ। ਇਨ੍ਹਾਂ ਗੁਨਾਹਾਂ ਲਈ ਮੌਜੂਦਾ ਹਾਕਮਾਂ ਨੇ ਪਾਰਲੀਮੈਂਟ ਅੰਦਰ ਪਬਲਿਕ ਮਾਫ਼ੀ ਮੰਗੀ। ਵੈਟੀਕਨ ਪੋਪ ਨੇ ਵੀ ਮਾਫ਼ੀ ਮੰਗੀ। ਦੂਰ-ਦਰਾਜ਼ ਖੇਤਰਾਂ ਵਿਚ ਰਹਿੰਦੇ ਸਥਾਨਕ ਲੋਕ ਅੱਜ ਵੀ ਬਹੁਤਾ ਕਰਕੇ ਨਜ਼ਰਅੰਦਾਜ਼, ਸਿੱਖਿਆ, ਸਿਹਤ, ਆਧੁਨਿਕ ਸਹੂਲਤਾਂ ਪੱਖੋਂ ਪੱਛੜੇ, ਨਸ਼ੀਲੇ ਪਦਾਰਥਾਂ ਅਤੇ ਅਗਿਆਨਤਾ ਦੇ ਸ਼ਿਕਾਰ ਹਨ। ਕੈਨੇਡੀਅਨ ਫੈਡਰਲ ਅਤੇ ਸੂਬਾਈ ਜਾਂ ਖੇਤਰੀ ਸਰਕਾਰਾਂ ਉਨ੍ਹਾਂ ਨੂੰ ਰਾਸ਼ਟਰੀ ਮੁੱਖ ਧਾਰਾ ਵਿਚ ਜੋੜਨ ਲਈ ਯਤਨਸ਼ੀਲ ਹਨ। ‘ਸੱਚਾਈ ਅਤੇ ਸੁਲ੍ਹਾ ਕਮਿਸ਼ਨ’ ਦੀਆਂ ਸਿਫਾਰਿਸ਼ਾਂ ਨੂੰ ਅਮਲ ਵਿਚ ਲਿਆ ਰਹੀਆਂ ਹਨ ਪਰ ਨਿਰਸੰਦੇਹ ਚਾਲ ਬਹੁਤ ਸੁਸਤ ਹੈ। ਦੇਸ਼ ਨੇ ਪਹਿਲੀ ਵਾਰ ਉਨ੍ਹਾਂ ਦੀ ਪ੍ਰਤੀਨਿੱਧ ਮੇਰੀ ਸਾਈਮੋ ਨੂੰ 30ਵੇਂ ਗਵਰਨਰ ਜਨਰਲ ਵਜੋਂ 5 ਸਾਲ ਲਈ 26 ਜੁਲਾਈ, 2021 ਨੂੰ ਨਿਯੁਕਤ ਕੀਤਾ ਸੀ।

ਹਕੀਕਤ ਵਿਚ ਬ੍ਰਿਟਿਸ਼ਰ, ਫਰਾਂਸੀਸੀ (ਕਿਊਬਕ ਸੂਬੇ ਵਿਚ ਸ਼ਾਸਕ) ਵੀ ਪਰਵਾਸੀ ਹਨ ਜਿਵੇਂ ਕਿ ਅਰਬੀ, ਇਟਾਲੀਅਨ, ਸਪੈਨਿਸ਼, ਲਾਤੀਨੀ, ਜਰਮਨ, ਪੁਰਤਗਾਲੀ ਚੀਨੀ, ਯੂਰਪੀ, ਏਸ਼ੀਆਈ, ਅਫਰੀਕਨ ਮੂਲ ਆਦਿ ਦੇ ਲੋਕ। ਰਿਫਿਊਜ਼ੀਆਂ ਦੇ ਵਸੇਬੇ ਲਈ ਵਿਸ਼ਵ ਭਰ ਦਾ ਇਹ ਮਾਡਲ ਦੇਸ਼ ਹੈ। ਕਰੀਬ 5 ਲੱਖ ਔਸਤ ਵਿਦੇਸ਼ਾਂ ਤੋਂ ਪਰਵਾਸੀ ਇੱਥੇ ਹਰ ਸਾਲ ਆਉਂਦੇ ਹਨ। ਯੂਰਪੀਨਾਂ ਨੇ 16ਵੀਂ ਸਦੀ ਵਿਚ ਇੱਥੇ ਪਹਿਲੀ ਬਸਤੀ ਸਥਾਪਤ ਕੀਤੀ ਸੀ। 69.8 ਪ੍ਰਤੀਸ਼ਤ ਆਬਾਦੀ ਗੋਰੀ ਹੈ। ਸਥਾਨਕ ਆਬਾਦੀ 5 ਫ਼ੀਸਦੀ ਹੈ। ਦੱਖਣੀ ਏਸ਼ੀਆਈ 7.1 ਫ਼ੀਸਦੀ ਹਨ। ਭਾਸ਼ਾ ਆਧਾਰਤ 54.9 ਫ਼ੀਸਦੀ ਅੰਗਰੇਜ਼ੀ, 19.6 ਫਰੈਂਚ, 3.5 ਚੀਨੀ, 1.8 ਪੰਜਾਬੀ, 1.5 ਸਪੈਨਿਸ਼, 1.4 ਅਰਬੀ, .9 ਇਟਾਲੀਅਨ, .7 ਜਰਮਨ, .7 ਪੁਰਤਗਾਲੀ ਆਦਿ ਹਨ।

ਧਾਰਮਿਕ ਪੱਖੋਂ 53.3 ਫ਼ੀਸਦੀ ਈਸਾਈ, 4.9 ਮੁਸਲਿਮ, 2.3 ਹਿੰਦੂ, 2.1 ਸਿੱਖ, 1.0 ਬੋਧੀ, 0.9 ਯਹੂਦੀ, 0.2 ਸਥਾਨਕ ਹਨ। 0.6 ਪ੍ਰਤੀਸ਼ਤ ਹੋਰ ਜਦਕਿ 34.6 ਪ੍ਰਤੀਸ਼ਤ ਦਾ ਕੋਈ ਧਰਮ ਨਹੀਂ। ਸੰਨ 1867 ਵਿਚ ਯੂ. ਕੇ. ਤੋਂ ਆਜ਼ਾਦੀ ਪ੍ਰਾਪਤ ਕਰਕੇ ਕੈਨੇਡੀਅਨ ਕਨਫੈਡਰੇਸ਼ਨ ਹੋਂਦ ਵਿਚ ਆਈ।

ਆਧੁਨਿਕ ਵਿਗਿਆਨਿਕ, ਸਿੱਖਿਆ, ਸੰਚਾਰ ਸਾਧਨਾਂ ਦੇ ਪ੍ਰਸਾਰ ਕਰਕੇ ਜਿਵੇਂ ਪੂਰਾ ਗਲੋਬ ਇੱਕ ਪਿੰਡ ਬਣਿਆ ਵਿਖਾਈ ਦਿੰਦਾ ਹੈ, ਅੰਦਰ ਸ਼ਾਂਤੀ, ਸਹਿਣ ਸ਼ੀਲਤਾ, ਮਿਲਵਰਤਣ, ਆਪਸੀ ਸੂਝ-ਬੂਝ ਕਰਕੇ ਸ਼ਾਂਤੀ ਸਥਾਪਿਤ ਹੋਣੀ ਚਾਹੀਦੀ ਸੀ ਪਰ ਉਲਟ ਹਰ ਰਾਸ਼ਟਰ ਅੰਦਰੂਨੀ ਧਾਰਮਿਕ, ਇਲਾਕਾਈ, ਭਾਸ਼ਾਈ, ਨਸਲੀ ਅਤੇ ਸਭਿਆਚਾਰਕ ਕੱਟੜਵਾਦਤਾ ਕਰਕੇ ਹਿੰਸਾ, ਅਗਜ਼ਨੀ, ਵਿਰੋਧ ਮਾਰਚਾਂ ਅਤੇ ਮੁਜ਼ਾਹਰਿਆਂ ਦਾ ਸ਼ਿਕਾਰ ਬਣਿਆ ਪਿਆ ਹੈ। ਕਈ ਰਾਸ਼ਟਰ ਅੰਦਰੂਨੀ ਅਤੇ ਬਾਹਰੀ ਜੰਗਾਂ ਦਾ ਸ਼ਿਕਾਰ ਹਨ। ਰੂਸ-ਯੂਕ੍ਰੇਨ, ਇਜ਼ਰਾਈਲ-ਹਮਸ ਅਤੇ ਹਿਜ਼ਬੁਲਾ ਜੰਗਾਂ ਵਿਚ ਹੁਣ ਤੱਕ ਲੱਖਾਂ ਲੋਕ ਮਾਰੇ ਗਏ ਅਤੇ ਜ਼ਖ਼ਮੀ ਹੋਏ ਹਨ। ਪਿਛਲੇ ਦਿਨੀਂ ਅਚਾਨਕ ਯੂ.ਕੇ. ਵਰਗੇ ਵਿਕਸਤ ਦੇਸ਼ ਵਿਚ ਫੈਲੀ ਨਸਲੀ ਅਤੇ ਨਫ਼ਰਤੀ ਹਿੰਸਾ ਨੇ ਵਿਸ਼ਵ ਨੂੰ ਹੈਰਾਨ-ਪ੍ਰੇਸ਼ਾਨ ਕਰ ਕੇ ਰੱਖ ਦਿੱਤਾ। ਇਸ ਵਿਚ ਕਾਤਲਾਨਾ ਹਮਲੇ, ਲੁੱਟਾਂ-ਖੋਹਾਂ, ਅਗਜ਼ਨੀ ਅਮਨ-ਕਾਨੂੰਨ ਵਿਵਸਥਾ ਦੀ ਬਰਬਾਦੀ ਵੇਖਣ ਨੂੰ ਮਿਲੀ। ਕੈਨੇਡਾ ਵਰਗੇ ਦੇਸ਼ ਨੂੰ ਐਸੀਆਂ ਪ੍ਰਸਥਿਤੀਆਂ ਤੋਂ ਵੱਡਾ ਸਬਕ ਸਿੱਖਣ ਦੀ ਲੋੜ ਹੈ। ਉਸ ਨੂੰ ਪੂਰਨ ਚੌਕਸੀ, ਮੁਸਤੈਦੀ ਸੁਰੱਖਿਆ ਦੇ ਪ੍ਰਬੰਧ ਮਜ਼ਬੂਤ ਕਰਨੇ ਚਾਹੀਦੇ ਹਨ।

ਵਿਸ਼ਵ ਅੰਦਰ ਭੂਤ ਕਾਲ ਵਿਚ ਕਿਵੇਂ ਅਫਵਾਹਾਂ ਨੇ ਕਿਵੇਂ ਇਸ ਨੂੰ ਵਿਸ਼ਵ ਤੇ ਇਲਾਕਾਈ ਜੰਗਾਂ ਦੇ ਭੇੜੀਆਂ ਅੱਗੇ ਪ੍ਰੋਸਣ ਦਾ ਕੰਮ ਕੀਤਾ, ਤੋਂ ਭਲੀਭਾਂਤ ਜਾਣੂੰ ਹੋਣ ਦੇ ਬਾਵਜੂਦ ਸਾਡੀ ਸਥਿਤੀ ਏਨੀ ਕਮਜ਼ੋਰ ਹੈ ਕਿ ਅਸੀਂ ਇਨ੍ਹਾਂ ਦਾ ਸ਼ਿਕਾਰ ਹੋ ਰਹੇ ਹਾਂ। ਯੂ.ਕੇ. ਹਿੰਸਕ, ਅਗਜ਼ਨੀ, ਲੁੱਟ ਮਾਰ ਦੁਖਾਂਤ ਪਿੱਛੇ ਝੂਠੀ ਅਫਵਾਹ ਸੀ। ਟੇਲਰ ਸਵਿਫਟ ਥੀਮ ਨਾਚ ਵਿਖੇ ਤਿੰਨ ਲੜਕੀਆਂ ਨੂੰ 29 ਜੁਲਾਈ, 2024 ਨੂੰ ਛੁਰੇਬਾਜ਼ੀ ਨਾਲ ਜ਼ਖ਼ਮੀ ਕੀਤਾ ਗਿਆ। ਇਸ ਪਿੱਛੇ ਹਕੀਕਤ ਵਿਚ ਵੇਲਜ਼ ਪ੍ਰਾਂਤ ਦੇ 17 ਸਾਲਾ ਕਾਰਡਿਫ ਦਾ ਹੱਥ ਸੀ। ਅਫਵਾਹ ਇਹ ਫੈਲਾਈ ਕਿ ਉਹ ਇੱਕ ਮੁਸਲਿਮ ਪਨਾਹਗੀਰ ਹੈ। ਸਥਾਨਕ ਲੋਕਾਂ ਦੇ ਰੋਜ਼ਗਾਰ ਦੇ ਮੌਕੇ ਤੇ ਕੰਮਕਾਜ ਖੁੱਸਣ ਕਰਕੇ ਯੂ. ਕੇ ਅੰਦਰ ਪਰਵਾਸੀਆਂ ਦੀ ਕਾਨੂੰਨੀ ਅਤੇ ਗੈ ?ਰ-ਕਾਨੂੰਨੀ ਆਮਦ ਵਿਰੁੱਧ ਗੁੱਸਾ ਅਤੇ ਨਫ਼ਰਤ ਪੈਦਾ ਹੋਈ ਪਈ ਹੈ। ਵਿਰੋਧੀ ਰਾਜਨੀਤੀਵਾਨਾਂ ਵੱਲੋਂ ਸੁਆਰਥ ਅਤੇ ਵੋਟ ਰਾਜਨੀਤੀ ਲਈ ਨਸਲਵਾਦੀ ਕੱਟੜਤਾ, ਨਫ਼ਰਤ, ਹਿੰਸਾ ਨਾਲ ਲਬਰੇਜ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਸੱਜੇ ਪੱਖੀ ਹਿੰਸਕ ਗਰੁੱਪਾਂ ਦਾ ਪ੍ਰਭਾਵ ਵੱਧਦਾ ਜਾ ਰਿਹਾ ਹੈ। ਇਸ ਨਸਲੀ ਹਿੰਸਾ ਨੇ ਲੇਬਰ ਪ੍ਰਧਾਨ ਮੰਤਰੀ ਕੀਰ ਸਟਾਰਮਰ ਸਰਕਾਰ ਦੀਆਂ ਚੌਕਸੀ ਤੇ ਸੁਰੱਖਿਆ ਮਾਮਲਿਆਂ ਸਬੰਧੀ ਕਮਜ਼ੋਰੀਆਂ ਜੱਗ ਜਾਹਿਰ ਕਰ ਦਿੱਤੀਆਂ। ਇਸ ਵਿੱਚ ਦਰਜਨਾਂ ਲੋਕ ਜਖ਼ਮੀ ਹੋਏ, 1000 ਦੇ ਕਰੀਬ ਗ੍ਰਿਫ਼ਤਾਰੀਆਂ ਹੋਈਆਂ, 100 ਕੁ ਲੋਕ ਜੇਲ੍ਹ ਬੰਦ ਕੀਤੇ ਗਏ।

ਯੂ.ਕੇ ਦੀ ਯੁੱਧਨੀਤਕ ਵਾਰਤਾਲਾਪ ਸੰਸਥਾ ਅਤੇ ਓਟਾਰੀਓ ਤਕਨੀਕੀ ਯੂਨੀਵਰਸਿਟੀ ਦੇ ਪ੍ਰੋ. ਬਾਰਬਰਾ ਪੈਰੀ ਦੀ ਰਿਪੋਰਟ ਅਨੁਸਾਰ ਕੈਨੇਡਾ ਅੰਦਰ ਪ੍ਰਤੀ ਜੀਅ ਸੱਜੇ ਪੱਖੀ ਨਸਲੀ ਨਫ਼ਰਤੀ ਗਰੁੱਪਾਂ ਦੀ ਗਿਣਤੀ ਵੱਧ ਰਹੀ ਹੈ। ਇਹ ਬਿਲਕੁਲ ਯੂ.ਕੇ. ਅਤੇ ਅਮਰੀਕਾ ਦੀ ਤਰਜ਼ ’ਤੇ। ਸੰਨ 2013 ਤੋਂ 2015 ਤੱਕ ਦੀ ਸਟੱਡੀ ਅਨੁਸਾਰ ਕੈਨੇਡਾ ਅੰਦਰ ਐਸੇ 100 ਸੁਪਰ ਗਰੁੱਪ ਪੈਦਾ ਹੋ ਚੁੱਕੇ ਹਨ। ਇਨ੍ਹਾਂ ਦੀਆਂ ਖ਼ੁਫ਼ੀਆ ਮੀਟਿੰਗਾਂ, ਸੋਸ਼ਲ ਮੀਡੀਆ ਤੇ ਮੈਸੇਜਜ਼ ਯੋਜਨਾ ਘਾਤਕ ਰੂਪ ਧਾਰਨ ਕਰ ਸਕਦੀਆਂ ਹਨ। ਕੈਨੇਡਾ ਦੇ ਰਾਜਨੀਤੀਵਾਨਾਂ, ਧਾਰਮਿਕ ਗਰੁੱਪਾਂ, ਭਾਸ਼ਾਈ ਅਤੇ ਸਭਿਆਚਾਰਕ ਸਭਾਵਾਂ ਨੂੰ ਅਤਿ ਜਾਗਰੂਕ ਹੋਣ ਦੀ ਲੋੜ ਹੈ। ਸ਼ਾਂਤੀ ਖਾਤਰ ਅੰਤਰ ਨਸਲੀ, ਧਾਰਮਿਕ, ਭਾਸ਼ਾਈ, ਇਲਾਕਾਈ ਆਗੂਆਂ ਮੇਲ-ਜੋਲ ਕਾਇਮ ਰੱਖਣਾ ਚਾਹੀਦਾ ਹੈ। ਪੁਲਿਸ, ਸੁਰੱਖਿਆ, ਚੌਕਸੀ ਏਜੰਸੀਆਂ ਨੂੰ ਮੁਸਤੈਦ ਰਹਿਣਾ ਚਾਹੀਦਾ ਹੈ। ਕੈਨੇਡਾ ਜ਼ਰਾ ਸੰਭਲ ਕੇ! **ਦਰਬਾਰਾ ਸਿੰਘ ਕਾਹਲੋਂ**

# ਖੱਟੀ ਬਨਾਮ ਖੱਟੀ

ਖੱਟੀ ਦਾ ਮਤਲਬ ਹੈ ਕਮਾਈ,ਜੋ ਤੁਸੀਂ ਕਮਾਉਂਦੇ ਹੋ,ਖੱਟਦੇ ਹੋ ।ਉਹ ਭਾਂਵੇ ਚੰਗੀ ਹੋਵੇ ਜਾਂ ਮਾੜੀ ।ਉਸ ਨੂੰ ਖੱਟੀ ਦਾ ਨਾਂਅ ਦਿੱਤਾ ਜਾਂਦਾ ਹੈ। ਖੱਟੀ ਦੋ ਤਰਾਂ ਦੀ ਹੁੰਦੀ ਹੈ। ਇਕ ਉਹ ਜੋ ਤੁਸੀਂ ਦਸਾਂ ਨਹੁੰਆਂ ਦੀ ਕਿਰਤ ਕਰਕੇ ਕਮਾਉਂਦੇ ਜਾਂ ਖੱਟਦੇ ਹੋ ਤੇ ਇੱਕ ਉਹ ਹੁੰਦੀ ਹੈ ਜੋ ਤੁਸੀਂ ਪੁੱਠੇ ਸਿੱਧੇ ਢੰਗ ਨਾਲ ਜਾਂ ਨਜ਼ਾਇਜ ਢੰਗ ਨਾਲ ਕਮਾਉਂਦੇ ਹੋ ।ਪਰ ਦੋਂਵਾ ਚ ਜਮੀਨ ਅਸਮਾਨ ਦਾ ਫਰਕ ਹੈ ।ਇਕ ਮਨ ਨੂੰ ਸਕੂਨ ਤੇ ਚੈਨ ਤੇ ਦਿੰਦੀ ਹੈ ।ਜਦ ਕੇ ਦੂਜੀ ਅਲਾਹਮਤਾਂ ਦਿੰਦੀ ਹੈ। ਬਦਨਾਮੀ ਦਿੰਦੀ ਹੈ। ਇਕ ਤੁਹਾਡੀ ਕਮਾਈ ਚ ਬਰਕਤ ਪਾਉਂਦੀ ਹੈ ।ਜਦ ਕੇ ਦੂਜੀ ਪੂਰੀ ਨਹੀਂ ਪਾਉਂਦੀ। ਸਿਰਫ ਜਰੂਰਤਾਂ ਹੀ ਪੂਰੀਆਂ ਕਰਦੀ ਹੈ। ਤੁਹਾਡੀ ਲਾਲਸਾ ਤੇ ਤ੍ਰਿਸ਼ਨਾ ਵਧਾਉਂਦੀ ਹੈ। ਜੋ ਤੁਹਾਡੇ ਚ ਬੇਚੈਨੀ ਦਾ ਆਲਮ ਪੈਦਾ ਕਰਦੀ ਹੈ।

ਪਹਿਲਾਂ ਗੱਲ ਕਰਦੇ ਹਾਂ ਅਸਲੀ ਖੱਟੀ ਅਰਥਾਤ ਕਮਾਈ ਦੀ ।ਜੋ ਤੁਸੀਂ ਮਿਹਨਤ ਨਾਲ ਖੱਟਦੇ ਹੋ। ਸਾਫ਼ ਸੁਥਰੀ ਖੱਟੀ ।ਬਿਲਕੁਲ ਸੋਨੇ ਤਰਾਂ ਖਰੀ ।ਜੋ ਬਿਨਾ ਕਿਸੇ ਲਾਲਚ ਦੇ ਕਰਦੇ ਹੋ ।ਇਹ ਕਮਾਈ ਭਾਂਵੇ ਪੈਸੇ ਦੀ ਕਹਿ ਲਵੋ ਜਾਂ ਫੇਰ ਇੱਜਤ ਦੀ ਕਹਿ ਲਵੋ ।ਜੋ ਤੁਸੀਂ ਚੰਗੇ ਕੰਮ ਕਰਦੇ ਹੋ ।ਕਿਸੇ ਦਾ ਭਲਾ ਕਰਦੇ ਹੋ ।ਕੋਈ ਸਮਾਜ ਸੇਵਾ ਕੰਮ ਕਰਦੇ ਹੋ ।ਇਸ ਕਮਾਈ ਨੂੰ ਕਮਾਈ ਹੋਈ ਕਮਾਈ ਆਖਦੇ ਹਨ। ਸਿਆਣੇ ਇਸ ਨੂੰ ਕਮਾਈ ਹੋਈ ਇੱਜ਼ਤ ਕਹਿੰਦੇ ਹਨ। ਜੋ ਹਮੇਸ਼ਾ ਤੁਹਾਡੇ ਨਾਲ ਰਹਿਣੀ ਐ। ਮਰਦੇ ਦਮ ਤੱਕ ।

ਜਦ ਕਿ ਦੂਜੀ ਖੱਟੀ ਉਹ ਹੁੰਦੀ ਹੈ ।ਜੋ ਅਸੀ ਚੋਰ ਮੋਰੀ ਰਹੀ ਭ੍ਰਿਸ਼ਟਾਚਾਰ ਦੁਆਰਾ ਕਮਾਉਂਦੇ ਹਾਂ ।ਇਸ ਖੱਟੀ ਨਾਲ ਤੁਸੀਂ ਆਪਣਿਆ ਲੋੜਾਂ ਤਾਂ ਪੂਰੀਆਂ ਕਰ ਸਕਦੇ ਹੋ ।ਪਰ ਇੱਜ਼ਤ ਨਹੀਂ। ਇਸ ਨਾਲ ਤੁਸੀਂ ਮਾੜੀਆਂ ਅਲਾਹਮਤਾ ਲਾ ਬਹਿੰਦੇ ਹੋ ।ਕਿਉਂਕਿ ਭ੍ਰਿਸ਼ਟਾਚਾਰ ਦੀ ਕਮਾਈ ਹੋਈ ਕਮਾਈ ਕਦੇ ਵੀ ਤੁਹਾਨੂੰ ਸੁੱਖ ਨਹੀਂ ਦੇ ਸਕਦੀ। ਇਹ ਖੱਟੀ ਤੁਹਾਡੀ ਹੱਕ ਸੱਚ ਦੀ ਕਮਾਈ ਨੂੰ ਵੀ ਨਾਲ ਲੈ ਡੁੱਬਦੀ ਹੈ। ਤੁਹਾਨੂੰ ਬਿਮਾਰੀਆਂ ਲਾ ਦਿੰਦੀ ਹੈ। ਇਸ ਕਮਾਈ ਨਾਲ ਤੁਸੀਂ ਬੇਲੋੜੇ ਖਰਚੇ ਵਧਾ ਲੈਂਦੇ ਹੋ। ਪੁੱਠੀਆਂ ਸਿੱਧੀਆਂ ਆਦਤਾਂ ਲਾ ਬਹਿੰਦੇ ਹੋ। ਅੱਜ ਕੱਲ ਜਿਆਦਤਰ ਲੋਕ ਅਜਿਹੀ ਕਮਾਈ ਦੀ ਇੱਛਾ ਰੱਖਦੇ ਹਨ। ਲਾਲਚ ਨੂੰ ਪਾਪ ਦਾ ਗੁਰੂ ਕਿਹਾ ਗਿਆ ਹੈ ।ਲਾਲਚ ਚ ਆ ਕੇ ਬੰਦਾ ਪਾਪ ਕਰਦਾ ਹੈ। ਇਸੇ ਵਾਸਤੇ ਇਸ ਨੂੰ ਪਾਪਾਂ ਦੀ ਕਮਾਈ ਆਖਿਆ ਜਾਂਦਾ ਹੈ। ਪਤਾ ਨਹੀਂ ਕਿਉਂ ? ਬਹੁਤੇ ਲੋਕ ਭ੍ਰਿਸ਼ਟਾਚਾਰ ਦੀ ਖੱਟੀ ਚ ਵਿਸ਼ਵਾਸ਼ ਰੱਖਦੇ ਸਨ। ਅੱਜ ਕੱਲ ਹਰ ਸਰਕਾਰੀ ਦਫਤਰ ਚ ਚਾਂਦੀ ਦੀ ਜੁੱਤੀ ਮਾਰੇ ਬਿਨਾ ਕੋਈ ਕੰਮ ਸਿਰੇ ਨਹੀਂ ਚੜਦਾ ।ਸਾਡੀ ਸੋਚ ਹੀ ਅਜਿਹੀ ਬਣ ਗਈ ਹੈ ਕੇ ਪੈਸੇ ਦਿਓ ਤੇ ਕੰਮ ਕਰਵਾ ਲਵੋ ।ਇਹ ਝੂਠ ਦੀ ਖੱਟੀ ਬਹੁਤੇ ਬੰਦਿਆ ਦੇ ਹੱਡਾਂ ਚ ਰਚ ਚੁੱਕੀ ਹੈ ।ਰਾਜਨੀਤੀ ਚ ਤਾਂ ਅਜਿਹੀ ਕਮਾਈ ਜਾਂ ਖੱਟੀ ਸਾਰੀਆਂ ਹੱਦਾਂ ਬਣੇ ਟੱਪ ਗਈ ਹੈ। ਲੱਖਾਂ ਚ ਨਹੀਂ ਸਗੋਂ ਅਰਬਾ ਖਰਬਾਂ ਚ ਇਹ ਖੱਟੀ ਕਮਾਈ ਜਾਂਦੀ ਹੈ ।ਇਸ ਤਰਾਂ ਦੀ ਖੱਟੀ ਨੂੰ ਅੱਜਕਲ ਕਾਲਾ ਧਨ ਜਾਂ ਕਾਲੀ ਕਮਾਈ ਦਾ ਨਾਂ ਵੀ ਦਿੱਤਾ ਜਾਂਦਾ ਹੈ। ਅਜਿਹੀ ਕਮਾਈ ਨੇ ਬਹੁਤ ਸਾਰੇ ਨੇਤਾਵਾਂ ,ਅਫਸਰਾਂ ਤੇ ਹੋਰ ਲੋਕਾਂ ਨੂੰ ਜੇਲ੍ਹਾਂ ਦੀ ਹਵਾ ਵੀ ਖਵਾਈ ਹੈ। ਪਰ ਬੰਦਾ ਅਜਿਹੀ ਕਮਾਈ ਕਰਨ ਤੋ ਬਾਜ਼ ਨਹੀਂ ਆਉਂਦਾ ਜਾਂ ਫਿਰ ਮੁੜਦਾ ਨਹੀਂ ।ਹਾਲਾਂ ਕੇ ਅਜਿਹੀ ਕਮਾਈ ਬੰਦੇ ਨੂੰ ਬਹੁਤ ਦਿਕਤਾਂ ਚ ਪਾਉਂਦੀ ਹੈ। ਮਾੜੀ ਕਮਾਈ ਅਗਰ ਕਮਾਉਗੇ ਤਾਂ ਇਹ ਤੁਹਾਡੇ ਉੱਤੇ ਜਾਂ ਤੁਹਾਡੀ ਔਲਾਦ ਤੇ ਜਰੂਰ ਪਵੇਗੀ ।ਝੂਠ ਦੀ ਕਮਾਈ ਨਾਲ ਇਕੱਠਾ ਕੀਤਾ ਪੈਸਾ ਤੁਹਾਡੇ ਲਈ ਮੁਸੀਬਤਾਂ ਖੜ੍ਹੀਆਂ ਕਰਦਾ ਹੈ। ਜਦ ਕੇ ਹੱਕ ਸੱਚ ਦੀ ਕਮਾਈ ਨਾਲ ਜੋੜਿਆ ਪੈਸਾ ਤੁਹਾਨੂੰ ਦੁੱਖ ਤਕਲੀਫਾਂ ਤੋ ਦੂਰ ਰੱਖਦਾ ਹੈ ।ਝੂਠ ਬੋਲ ਕੇ ਕੀਤੀ ਖੱਟੀ ਸਦਾ ਦੁੱਖ ਦਿੰਦੀ ਹੈ। ਸਮਾਜ ਚ ਤੁਹਾਡੇ ਰੁਤਬੇ ਨੂੰ ਢਾਅ ਲਾਉਂਦੀ ਹੈ। ਇਸ ਲਈ ਦੋਂਵਾਂ ਤਰਾਂ ਦੀ ਖੱਟੀ ਚ ਬਹੁਤ ਫਰਕ ਹੁੰਦਾ ਹੈ । ਇੱਜਤਾਂ ਨਾਲ ਕਮਾਈ ਖੱਟੀ ਬੰਦੇ ਦੇ ਮਰਨ ਤੋ ਬਾਦ ਵੀ ਬੰਦੇ ਦੇ ਨਾਲ ਜਾਂਦੀ ।ਦੁਨੀਆ ਤੁਹਾਨੂੰ ਹਮੇਸ਼ਾ ਯਾਦ ਰੱਖਦੀ ਹੈ। ਪਰ ਝੂਠ ਬੋਲ ਕੇ ਇਕੱਠੀ ਕੀਤੀ ਕਮਾਈ ਵਾਲੇ ਨੂੰ ਦੁਨੀਆ ਗਲਾਂ ਕੱਢੀਦੀ ਹੈ ।ਸੋ ਇਨਸਾਨ ਨੂੰ ਚੰਗੇ ਕਰਮ ਭਾਵ ਹੱਕ ਸੱਚ ਦੀ ਕਮਾਈ ਹੀ ਕਰਨੀ ਚਾਹੀਦੀ ਹੈ।

ਗੁਰਬਾਣੀ ਚ ਆਉਂਦਾ ਹੈ ਕਿ ‘ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸ ਗਾਇ।’ਭਾਵ ਪਰਾਇਆ ਹੱਕ ਖਾਣਾ ਮੁਸਲਮਾਨਾਂ ਲਈ ਸੂਰ ਖਾਣ ਦੇ ਬਰਾਬਰ ਹੈ ਤੇ ਹਿੰਦੂਆਂ ਲਈ ਗਾਂ ਖਾਣ ਦੇ ਬਰਾਬਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਮਲਕ ਭਾਗੋ ਦੀ ਕੂੜ ਦੀ ਕਮਾਈ ਦੀ ਰੋਟੀ ਖਾਣ ਤੋ ਇਨਕਾਰ ਕਰ ਦਿਤੀ ਸੀ ।ਪਰ ਮਨੁੱਖ ਇਸ ਨੂੰ ਸਮਝਦਾ ਹੀ ਨਹੀਂ। ਗੁਰਬਾਣੀ ਤੇ ਅਮਲ ਕੋਈ ਨਹੀਂ ਕਰਦਾ ।ਹੱਕ ਸੱਚ ਦੀ ਕਮਾਈ ਚ ਬਹੁਤ ਬਰਕਤ ਹੁੰਦੀ ਹੈ ।ਮਤਲਬ ਉਸ ਚ ਕਦੇ ਥੋੜ ਨਹੀਂ ਆਉਂਦੀ ।ਸੋ ਉਹ ਖੱਟੀ ਖੱਟੋ ਜੋ ਤੁਹਾਨੂੰ ਸਕੂਨ ਦੇਵ , ਤੁਹਾਡੀ ਇੱਜ਼ਤ ਵਧਾਵੇ ।ਤੁਹਾਡੀ ਕਮਾਈ ਚ ਬਰਕਤ ਕਰੇ,ਵਾਧਾ ਪਾਵੇ। ਤੁਹਾਨੂੰ ਮਾੜੀਆਂ ਅਲਾਹਮਤਾਂ ਤੋ ਦੂਰ ਰੱਖੇ ।ਤੁਹਾਨੂੰ ਤਾਉਮਰ ਪਛਤਾਵਾ ਨਾ ਹੋਵੇ ।ਬਸ ਉਹੋ ਹੀ ਸੱਚੀ ਸੁੱਚੀ ਖੱਟੀ ਹੈ।

**ਲੈਕਚਰਾਰ ਅਜੀਤ ਖੰਨਾ**
**ਮੋਬਾਈਲ :76967 54669**

ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886’ਤੇ ਸੰਪਰਕ ਕਰਨ।

ਰੋਜ਼ਾਨਾ ਆਜ਼ਾਦ ਸੋਚ ’ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ।
- ਸੰਪਾਦਕ

